Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 134 Thursday, July 16, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਲਾਂਗ ਟਰਮ ਕੇਅਰ ਹੋਮਜ਼ ਵਿਚ ਏਅਰ ਕੰਡੀਸ਼ਨਿੰਗ ਨੂੰ ਕੀਤਾ ਜਾਵੇਗਾ ਲਾਜ਼ਮੀ

ਟੋਰਾਂਟੋ, 15 ਜੁਲਾਈ (ਪੋਸਟ ਬਿਊਰੋ) : ਪ੍ਰੋਵਿੰਸ ਦੇ ਲਾਂਗ ਟਰਮ ਕੇਅਰ ਸਿਸਟਮ ਵਿੱਚ ਕੋਵਿਡ-19 ਮਹਾਂਮਾਰੀ ਕਾਰਨ ਸਾਹਮਣੇ ਆਏ ਖੱਪਿਆਂ ਨੂੰ ਦੂਰ ਕਰਨ ਲਈ ਓਨਟਾਰੀਓ ਸਰਕਾਰ ਵੱਲੋਂ ਕੁੱਝ ਵੱਡੇ ਫੈਸਲੇ ਕੀਤੇ ਜਾ ਰਹੇ ਹਨ। ਬੁੱਧਵਾਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇੱਕ ਨਿਊਜ਼ ਕਾਨਫਰੰਸ ਵਿੱਚ ਇਹ ਐਲਾਨ ਕੀਤਾ ਗਿਆ ਕਿ ਲਾਂਗ ਟਰਮ ਕੇਅਰ ਹੋਮਜ਼ ਦੀ ਨੁਹਾਰ ਬਦਲਣ ਲਈ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਨਵੀਂ ਰਣਨੀਤੀ ਲਿਆਂਦੀ ਜਾ ਰਹੀ ਹੈ। ਉਨ੍ਹਾਂ ਇਹ ਯਕੀਨ ਵੀ ਦਿਵਾਇਆ ਕਿ ਲਾਂਗ ਟਰਮ ਕੇਅਰ ਹੋਮਜ਼ ਵਿੱਚ ਏਅਰ ਕੰਡਿਸ਼ਨਰ ਜ਼ਰੂਰ ਲਾਏ ਜਾਣਗੇ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਏਅਰ ਕੰਡੀਸ਼ਨਿੰਗ ਨੂੰ



ਬਦਲੀ ਜਾਵੇਗੀ ਲਾਂਗ ਟਰਮ ਕੇਅਰ ਹੋਮਜ਼ ਦੀ ਨੁਹਾਰ

ਯਕੀਨੀ ਬਣਾਉਣ ਲਈ ਫੰਡ ਕਾਇਮ ਕਰੇਗੀ।

ਫੋਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਨੂੰ ਟੁੱਟਿਆ ਭੱਜਿਆ ਸਿਸਟਮ ਵਿਰਸੇ ਵਿੱਚ ਮਿਲਿਆ ਹੈ। ਸਾਡੇ ਕੋਲ ਅਜਿਹਾ ਸਿਸਟਮ ਹੈ ਜਿੱਥੇ ਸੀਨੀਅਰਜ਼ ਨੂੰ ਬੈੱਡਜ਼ ਲਈ ਉਡੀਕ ਕਰਨੀ ਪੈਂਦੀ ਹੈ ਤੇ ਗਰਮੀਆਂ ਦੇ ਮਹੀਨੇ ਵਿੱਚ ਉਨ੍ਹਾਂ ਨੂੰ ਏਅਰ ਕੰਡੀਸ਼ਨਿੰਗ ਦਾ ਸੁਖ ਵੀ ਨਹੀਂ ਮਿਲਦਾ। ਫੋਰਡ ਨੇ ਆਖਿਆ ਕਿ ਸਾਨੂੰ ਪੁਰਾਣੇ ਲਾਂਗ ਟਰਮ ਕੇਅਰਜ਼ ਨੂੰ ਨਵਾਂ ਰੰਗ-ਰੂਪ ਦੇਣਾ ਹੋਵੇਗਾ ਤੇ ਸਾਨੂੰ ਨਵੇਂ ਲਾਂਗ ਟਰਮ ਕੇਅਰ ਹੋਮਜ਼ ਵੀ ਤਿਆਰ ਕਰਵਾਉਣੇ ਹੋਣਗੇ।

ਸਾਡੇ ਬਜ਼ੁਰਗਾਂ ਨੂੰ ਵੀ ਆਰਾਮ ਦੀ ਜ਼ਿੰਦਗੀ ਜਿਊਣ ਦਾ ਪੂਰਾ ਹੱਕ ਹੈ। ਉਹ ਵੀ ਅਜਿਹੀ ਥਾਂ ਉੱਤੇ ਰਹਿਣ ਦੇ ਹੱਕਦਾਰ ਹਨ ਜਿਹੜੀ ਘਰ ਤੋਂ ਵੱਧ ਕੇ ਲੱਗੇ, ਜਿੱਥੇ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸੁਖ ਆਰਾਮ ਮਿਲੇ ਤੇ ਜਿੱਥੇ ਉਹ ਸੁਰੱਖਿਅਤ ਮਹਿਸੂਸ ਕਰ ਸਕਣ। ਉਨ੍ਹਾਂ ਇਹ ਭਰੋਸਾ ਵੀ ਦਿਵਾਇਆ ਕਿ ਆਉਣ ਵਾਲੇ ਸਾਲਾਂ ਵਿੱਚ ਲਾਂਗ ਟਰਮ ਕੇਅਰ ਹੋਮਜ਼ ਲਈ 8000 ਨਵੇਂ ਬੈੱਡ ਤਿਆਰ ਕੀਤੇ ਜਾਣਗੇ ਤੇ 12000 ਬੈੱਡਜ਼ ਦੀ ਵਜਾ ਸਵਾਰੀ ਜਾਵੇਗੀ।

## ਵਿਆਜ਼ ਦਰਾਂ ਵਿੱਚ ਕੋਈ ਵਾਧਾ ਨਹੀ ਕਰੇਗਾ ਬੈਂਕ ਆਫ ਕੈਨੇਡਾ

ਓਟਵਾ, 15 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ ਅਸਥਿਰ ਹੋ ਚੁੱਕੀ ਆਰਥਿਕ ਸਥਿਤੀ ਦੇ ਮਦੇਨਜ਼ਰ ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਨੂੰ 0.25 ਫੀ ਸਦੀ ਉੱਤੇ ਹੀ ਰੱਖਿਆ ਗਿਆ ਹੈ। ਬੈਂਕ ਵੱਲੋਂ ਇਹ ਐਲਾਨ ਵੀ ਕੀਤਾ ਗਿਆ ਹੈ ਕਿ ਜਦੋਂ ਤੱਕ ਸਥਿਤੀ ਵਿੱਚ ਸੁਧਾਰ ਨਹੀਂ ਹੋ ਜਾਂਦਾ ਉਦੋਂ ਤੱਕ ਇਨ੍ਹਾਂ ਵਿਆਜ਼ ਦਰਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ।

ਬੁੱਧਵਾਰ ਨੂੰ ਬੈਂਕ ਨੇ ਆਖਿਆ ਕਿ ਇਸ ਸਾਲ ਅਰਥਚਾਰੇ ਦੇ 7.8 ਫੀ ਸਦੀ ਸੁੰਗੜਨ ਦੀ ਸੰਭਾਵਨਾ ਹੈ। ਰਿਪੋਰਟ ਵਿੱਚ ਇਸ ਸਾਲ ਮਹਿੰਗਾਈ ਦਰ 0.6 ਫੀ ਸਦੀ ਦੱਸੀ ਗਈ ਹੈ ਤੇ ਇਸ ਦੇ 2021 ਵਿੱਚ 1.2 ਫੀ ਸਦੀ ਤੇ 2022 ਵਿੱਚ 1.7 ਤੱਕ ਅੱਪੜਨ ਦੀ ਸੰਭਾਵਨਾ ਹੈ। ਬੈਂਕ ਨੇ ਆਪਣੇ ਪਾਲਿਸੀ ਸਬੰਧੀ ਬਿਆਨ ਵਿੱਚ ਆਖਿਆ ਕਿ ਜਦੋਂ ਤੱਕ ਟੀਚੇ ਪੂਰੇ ਨਹੀਂ ਕਰ ਲਏ ਜਾਂਦੇ ਉਦੋਂ ਤੱਕ




ਮੌਜੂਦਾ ਦਰ ਹੀ ਬਰਕਰਾਰ ਰੱਖੀ ਜਾਵੇਗੀ।

ਅਰਥਚਾਰੇ ਨੂੰ ਮੁੜ ਲੀਹ ਉੱਤੇ ਲਿਆਉਣ ਲਈ ਵਿਆਜ਼ ਦਰਾਂ ਘੱਟ ਰੱਖੀਆਂ ਜਾਣੀਆਂ ਬੇਹੱਦ ਜ਼ਰੂਰੀ ਹਨ। ਬੈਂਕ ਵੱਲੋਂ ਇਹ ਪੇਸ਼ੀਨਿਗੋਈ ਨੂੰ ਅਧਾਰ ਬਣਾਇਆ ਗਿਆ ਹੈ ਕਿ ਮਹਾਂਮਾਰੀ ਦੀ ਦੂਜੀ ਲਹਿਰ ਨਹੀਂ ਆਵੇਗੀ। ਇਸ ਤੋਂ ਇਲਾਵਾ ਹੌਲੀ ਹੌਲੀ ਲਾਕਡਾਊਨ ਹਟਾ ਲਿਆ ਜਾਵੇਗਾ ਤੇ ਮਹਾਂਮਾਰੀ ਵੀ ਪੂਰਾ ਜ਼ੋਰ ਲਾ ਕੇ 2022 ਤੱਕ ਖਤਮ ਹੋ ਜਾਵੇਗੀ ਤੇ ਇਹ ਸੱਭ ਉਦੋਂ ਤੱਕ ਵੈਕਸੀਨ ਜਾਂ ਪ੍ਰਭਾਵਸ਼ਾਲੀ ਇਲਾਜ ਮਿਲ ਜਾਣ ਤੋਂ ਬਾਅਦ ਕਰ ਪਾਉਣਾ ਸੰਭਵ ਹੋਵੇਗਾ।

## ਟੋਇੰਗ ਇੰਡਸਟਰੀ ਦੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਟੋਰਾਂਟੋ ਦੇ ਕਈ ਕੌਂਪਸ ਸਸਪੈਂਡ

ਟੋਰਾਂਟੋ, 15 ਜੁਲਾਈ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਦੀ ਟੋਇੰਗ ਇੰਡਸਟਰੀ ਵਿੱਚ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਅੰਦਰੂਨੀ ਜਾਂਚ ਦੇ ਚੱਲਦਿਆਂ ਕਈ ਟੋਰਾਂਟੋ ਪੁਲਿਸ ਅਧਿਕਾਰੀਆਂ ਨੂੰ ਤਨਖਾਹ ਸਮੇਤ ਸਸਪੈਂਡ ਕਰ ਦਿੱਤਾ ਗਿਆ ਹੈ।

ਟੋਰਾਂਟੋ ਪੁਲਿਸ ਸਰਵਿਸ ਦੀ ਤਰਜ਼ਮਾਨ ਮੇਘਨ ਗ੍ਰੇਅ ਨੇ ਕੁੱਝ ਪੁਲਿਸ ਵਾਲਿਆਂ ਨੂੰ ਮੁਅੱਤਲ ਕੀਤੇ ਜਾਣ ਦੀ ਪੁਸ਼ਟੀ ਕੀਤੀ ਗਈ। ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿੰਨੇ ਅਧਿਕਾਰੀਆਂ ਨੂੰ ਸਸਪੈਂਡ ਕੀਤਾ ਗਿਆ ਹੈ ਪਰ ਉਨ੍ਹਾਂ ਇਹ ਆਖਿਆ ਕਿ ਇਸ ਮਾਮਲੇ ਵਿੱਚ ਕਈ ਪੁਲਿਸ ਅਧਿਕਾਰੀਆਂ ਨੂੰ ਸਸਪੈਂਡ ਕੀਤਾ ਗਿਆ ਹੈ।

ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ ਕੀਤੇ ਜਾਣ ਦੀ ਖਬਰ ਉਸ ਸਮੇਂ ਆਈ ਜਦੋਂ ਪਿਛਲੇ ਮਹੀਨੇ ਕਾਂਸਟੇਬਲ ਰੋਨਾਲਡ ਜੋਸਫ ਨੂੰ ਸੰਗਠਿਤ ਜੁਰਮ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ। ਜਾਂਚਕਾਰਾਂ ਨੇ ਦੋਸ਼ ਲਾਇਆ ਕਿ 11 ਸਾਲਾਂ ਤੋਂ ਪੁਲਿਸ ਮਹਿਕਮੇ ਵਿੱਚ ਸੇਵਾ ਕਰ ਰਹੇ ਜੋਸਫ ਨੇ ਘੱਟੋ ਘੱਟ ਇੱਕ ਐਨਕ੍ਰਿਪਟਿਡ ਪੁਲਿਸ




ਰੇਡੀਓ ਚੋਰੀ ਕੀਤਾ, ਜਿਸ ਰਾਹੀ ਟੋਅ ਟਰੱਕ ਆਪਰੇਟਰਜਲ ਨੂੰ ਹਾਦਸਿਆਂ ਦੀ ਆਪਣੀਆਂ ਵਿਰੋਧੀ ਕੰਪਨੀਆਂ ਤੋਂ ਪਹਿਲਾਂ ਹੀ ਜਾਣਕਾਰੀ ਮਿਲ ਜਾਂਦੀ ਸੀ ਤੇ ਉਹ ਅਜਿਹੀਆਂ ਥਾਂਵਾਂ ਉੱਤੇ ਹੋਰਨਾਂ ਤੋਂ ਪਹਿਲਾਂ ਪਹੁੰਚ ਜਾਂਦੇ ਸਨ। ਪੁਲਿਸ ਨੇ ਦੱਸਿਆ ਕਿ ਇੱਕ ਅਜਿਹਾ ਵੇਲਾ ਆ ਗਿਆ ਕਿ ਵੱਖ ਵੱਖ ਕੰਪਨੀਆਂ ਦੇ ਕਈ ਟੋਅ ਟਰੱਕ ਇੰਪਲਾਈਜ਼ ਕੋਲ ਚੋਰੀ ਦੇ ਪੁਲਿਸ ਰੇਡੀਓ ਹੋ ਗਏ ਤੇ ਇਸ ਤਰ੍ਹਾਂ ਦੀ ਜਾਣਕਾਰੀ ਇੱਕ ਡਰਾਈਵਰ ਤੋਂ ਦੂਜੇ ਟਰੱਕ ਡਰਾਈਵਰ ਨੂੰ ਮਹੀਨਾਵਾਰੀ ਫੀਸ ਲੈਣ ਤੋਂ ਬਾਅਦ ਦਿੱਤੀ ਜਾਣ ਲੱਗੀ। ਗ੍ਰੇਅ ਨੇ ਅੱਗੇ ਆਖਿਆ ਕਿ ਜੇ ਸਸਪੈਂਡ ਕੀਤੇ ਪੁਲਿਸ ਅਧਿਕਾਰੀਆਂ ਉੱਤੇ ਹੋਰ ਮੁਜਰਮਾਨਾਂ ਚਾਰਜ ਲਾਏ ਜਾਂਦੇ ਹਨ ਤਾਂ ਅਪਡੇਟ ਮੁਹੱਈਆ ਕਰਵਾਈ ਜਾਵੇਗੀ।

## ਸ਼ਾਪਿੰਗ, ਸੈਰ-ਸਪਾਟੇ ਤੇ ਮਨੋਰੰਜਣ ਲਈ ਕੈਨੇਡਾ ਦਾਖਲ ਹੋਣ ਤੋਂ 5000 ਅਮੈਰੀਕਨਜ਼ ਨੂੰ ਰੋਕਿਆ ਗਿਆ : ਸੀਬੀਐਸਏ



ਓਟਵਾ, 15 ਜੁਲਾਈ (ਪੋਸਟ ਬਿਊਰੋ) : ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਨਵੇਂ ਡਾਟਾ ਅਨੁਸਾਰ ਮਹਾਂਮਾਰੀ ਦੌਰਾਨ ਕੈਨੇਡਾ ਵਿੱਚ ਸ਼ਾਪਿੰਗ ਕਰਨ, ਘੁੰਮਣ ਫਿਰਨ ਤੇ ਮਨੋਰੰਜਨ ਲਈ ਦਾਖਲ ਹੋਣ ਦੇ ਚਾਹਵਾਨ 10,000 ਅਮਰੀਕੀ ਨਾਗਰਿਕਾਂ ਨੂੰ ਸਰਹੱਦ ਤੋਂ ਹੀ ਪਿੱਛੇ ਮੋੜ ਦਿੱਤਾ ਗਿਆ।

22 ਮਾਰਚ ਤੋਂ 12 ਜੁਲਾਈ ਦਰਮਿਆਨ 10,329 ਅਮਰੀਕੀ ਨਾਗਰਿਕਾਂ ਨੂੰ ਸੀਬੀਐਸਏ (ਛਭੰਓ) ਵੱਲੋਂ ਪਿੱਛੇ ਮੋੜਿਆ ਗਿਆ। ਕੋਵਿਡ-19 ਮਹਾਂਮਾਰੀ ਦੇ ਬਾਵਜੂਦ ਇੱਕ ਤਿਹਾਈ ਕੈਨੇਡਾ ਵਿੱਚ ਸੈਰ ਸਪਾਟੇ ਲਈ ਆਉਣਾ ਚਾਹੁੰਦੇ ਸਨ। ਅੱਧੇ ਅਮਰੀਕੀ ਨਾਗਰਿਕ ਕਈ ਹੋਰਨਾਂ ਕਾਰਨਾਂ ਕਰਕੇ ਕੈਨੇਡਾ ਆਉਣਾ ਚਾਹੁੰਦੇ ਸਨ ਜਿਨ੍ਹਾਂ ਦਾ ਵੇਰਵਾ ਸੀਬੀਐਸਏ ਵੱਲੋਂ ਨਹੀਂ ਦਿੱਤਾ ਗਿਆ। 1200 ਤੋਂ ਵੱਧ ਨੂੰ ਇਸ ਲਈ ਮੋੜਿਆ ਗਿਆ ਕਿਉਂਕਿ ਉਹ ਸਿਰਫ ਮਨੋਰੰਜਨ ਲਈ ਕੈਨੇਡਾ ਆਉਣਾ ਚਾਹੁੰਦੇ ਸਨ।

500 ਅਮੈਰੀਕਨਜ਼ ਨੂੰ ਇਸ ਲਈ ਮੋੜਿਆ ਗਿਆ ਕਿਉਂਕਿ ਫਿਜ਼ੀਕਲ ਡਿਸਟੈਂਸਿੰਗ ਸਬੰਧੀ ਮਾਪਦੰਡ ਲਾਗੂ ਹੋਣ ਦੇ ਬਾਵਜੂਦ ਉਹ ਕੈਨੇਡਾ ਵਿੱਚ ਸ਼ਾਪਿੰਗ ਕਰਨ ਲਈ ਆਉਣਾ ਚਾਹੁੰਦੇ ਸਨ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਨੇ ਵਿਦੇਸ਼ੀਆਂ ਲਈ ਮਾਰਚ ਦੇ ਮੱਧ ਤੋਂ ਹੀ ਆਪਣੀ ਸਰਹੱਦ ਬੰਦ ਕਰ ਦਿੱਤੀ ਸੀ। ਸ਼ੁਰੂ ਵਿੱਚ ਅਮੈਰੀਕਨਜ਼ ਨੂੰ ਇਨ੍ਹਾਂ ਨਵੇਂ ਨਿਯਮਾਂ ਤੋਂ ਛੋਟ ਦਿੱਤੀ ਗਈ ਸੀ। ਪਰ ਬਾਅਦ ਵਿੱਚ ਗੈਰ ਜ਼ਰੂਰੀ ਆਵਾਜਾਈ ਲਈ ਕੈਨੇਡਾ-ਅਮਰੀਕਾ ਸਰਹੱਦ ਨੂੰ ਵੀ ਬੰਦ ਕਰ ਦਿੱਤਾ ਗਿਆ। ਤਾਜ਼ਾ ਸਮਝੌਤੇ ਅਨੁਸਾਰ ਇਸ ਸਰਹੱਦ ਨੂੰ ਹੁਣ 21 ਅਗਸਤ ਤੱਕ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ।

ਸਿਰਫ ਅਮੈਰੀਕਨਜ਼ ਨੂੰ ਹੀ ਸਰਹੱਦ ਤੋਂ ਵਾਪਿਸ ਨਹੀਂ ਕੀਤਾ ਗਿਆ ਸਗੋਂ ਕਈ ਗੈਰ ਅਮਰੀਕੀ ਨਾਗਰਿਕਾਂ ਨੂੰ ਵੀ ਵਾਪਿਸ ਭੇਜਿਆ ਜਾ ਚੁੱਕਿਆ ਹੈ। ਐਨੀ ਸਖ਼ਤੀ ਦੇ ਬਾਵਜੂਦ ਕਿਸੇ ਤਰ੍ਹਾਂ ਕੈਨੇਡਾ ਵਿੱਚ ਦਾਖਲ ਹੋ ਕੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਮੈਰੀਕਨਜ਼ ਨੂੰ ਜੁਰਮਾਨਾ ਵੀ ਕੀਤਾ ਗਿਆ ਹੈ।

## ਭੈਣ ਨੂੰ ਕੁੱਤੇ ਦੇ ਹਮਲੇ ਤੋਂ ਬਚਾਉਦਿਆਂ ਛੇ ਸਾਲਾ ਲੜਕਾ ਹੋਇਆ ਜ਼ਖ਼ਮੀ, ਲੱਗੇ 90 ਟਾਂਕੇ



ਟੋਰਾਂਟੋ, 15 ਜੁਲਾਈ (ਪੋਸਟ ਬਿਊਰੋ) : ਆਪਣੀ ਨਿੱਕੀ ਭੈਣ ਨੂੰ ਬਚਾਉਣ ਲਈ ਇੱਕ ਛੇ ਸਾਲਾ ਲੜਕਾ ਆਪ ਕੁੱਤੇ ਦੇ ਹਮਲੇ ਦਾ ਸ਼ਿਕਾਰ ਹੋ ਗਿਆ। ਉਸ ਦੇ 90 ਟਾਂਕੇ ਲੱਗੇ ਹਨ।

ਬ੍ਰਿਜਰ ਵਾਕਰ ਦੀ ਰਿਸ਼ਤੇਦਾਰ ਨੇ ਇਨਸਟਾਗ੍ਰਾਮ ਉੱਤੇ ਇਸ ਹਮਲੇ ਦਾ ਵੇਰਵਾ ਸਾਂਝਾ ਕੀਤਾ ਹੈ। ਉਸ ਨੇ ਦੱਸਿਆ ਕਿ ਇੱਕ ਦਿਨ ਬ੍ਰਿਜਰ ਨੇ ਇੱਕ ਕੁੱਤੇ ਨੂੰ ਆਪਣੀ ਭੈਣ ਵਲ ਵੱਧਦਿਆਂ ਵੇਖਿਆ ਤੇ ਉਹ ਬਿਲਕੁਲ ਨਹੀਂ ਡਰਿਆ ਸਗੋਂ ਆਪਣੀ ਭੈਣ ਦੇ ਸਾਹਮਣੇ ਜਾ ਖੜ੍ਹਾ ਹੋਇਆ। । ਬ੍ਰਿਜਰ ਦਾ ਇਲਾਜ ਪਲਾਸਟਿਕ ਸਰਜਨ ਵੱਲੋਂ ਕੀਤਾ ਗਿਆ ਹੈ ਤੇ ਹੁਣ ਉਹ ਆਪਣੇ ਘਰ ਵਿੱਚ ਸਿਹਤਯਾਬ ਹੋ ਰਿਹਾ ਹੈ। ...ਬਾਕੀ ਪੰਨਾ 3 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202
To Reach Wider Audience

Law Office of Aman Sharma
Real Estate Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੋਂ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E. #15, Mississauga, ON L5T 0B3
Shinder Kelley Barrister Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598







**FRESH & LARGE VARIETY**
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਕਾਰੋਬਾਰੀ ਦੀ ਕੱਟੀ ਵੱਢੀ ਲਾਸ਼ ਮੈਨਹਟਨ ਦੇ ਕੌਂਡੋ ਵਿੱਚੋਂ ਮਿਲੀ




ਨਿਊ ਯੌਰਕ, 15 ਜੁਲਾਈ (ਪੋਸਟ ਬਿਊਰੋ) : 33 ਸਾਲਾ ਟੈਕਨੀਕਲ ਮਾਹਰ ਤੇ ਕਾਰੋਬਾਰੀ ਦੀ ਕੱਟੀ ਵੱਢੀ ਲਾਸ਼ ਉਸ ਦੇ ਲਗਜ਼ਰੀ ਮੈਨਹਟਨ ਕੌਂਡੋ ਵਿੱਚੋਂ ਮਿਲੀ। ਕਾਤਲ ਇਲੈਕਟ੍ਰਿਕ ਆਰੀ ਵੀ ਉੱਥੇ ਹੀ ਛੱਡ ਕੇ ਗਿਆ ਸੀ। ਇਹ ਜਾਣਕਾਰੀ ਬੁੱਧਵਾਰ ਨੂੰ ਪੁਲਿਸ ਨੇ ਦਿੱਤੀ।

ਮ੍ਰਿਤਕ ਦੀ ਪਛਾਣ ਫਾਹਿਮ ਸਾਲੇਹ ਵਜੋਂ ਹੋਈ ਹੈ। ਉਸ ਦੀ ਲਾਸ਼ ਮੰਗਲਵਾਰ ਨੂੰ 3:30 ਵਜੇ ਲੋਅਰ ਈਸਟ ਸਾਈਡ ਦੇ 17ਵੀਂ ਮੰਜ਼ਿਲ ਸਥਿਤ ਲਗਜ਼ਰੀ ਕੌਂਡੋ ਵਿੱਚ ਮਿਲੀ। ਸਾਲੇਹ ਦੀ ਮੌਤ ਦੇ ਸਬੰਧ ਵਿੱਚ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਸਾਲੇਹ ਨੂੰ ਮਿਲਣ ਗਏ ਰਿਸ਼ਤੇਦਾਰ ਵੱਲੋਂ ਹੀ ਉਸ ਦੇ ਕਤਲ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਧੜ ਮਿਲਿਆ, ਜਿਸ ਉੱਤੇ ਕੱਪੜੇ ਸਨ, ਇੱਕ ਬੈਗ ਮਿਲਿਆ ਜਿਸ ਵਿੱਚ ਸਿਰ ਤੇ ਬਾਹਾਂ ਸਨ ਤੇ ਕਮਰੇ ਵਿੱਚ ਇਲੈਕਟ੍ਰਿਕ ਆਰੀ ਮਿਲੀ।

ਜਾਂਚਕਾਰਾਂ ਨੇ ਉਹ ਸਕਿਊਰਿਟੀ ਵੀਡੀਓ ਵੀ ਹਾਸਲ ਕੀਤਾ ਜਿਸ ਵਿਚ ਮੰਗਲਵਾਰ ਦੁਪਹਿਰ ਨੂੰ ਸਾਲੇਹ ਐਲੇਵੇਟਰ ਵਿੱਚੋਂ ਨਿਕਲ ਰਿਹਾ ਹੈ ਤੇ ਉਸ ਦੇ ਪਿੱਛੇ ਕੋਈ ਕਾਲੇ ਰੰਗ ਦੇ ਕੱਪੜਿਆਂ ਵਿੱਚ ਉਸ ਦਾ ਪਿੱਛਾ ਕਰ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਅਪਾਰਟਮੈਂਟ ਵਿੱਚ ਦਾਖਲ ਹੋਣ ਸਮੇਂ ਵੀ ਦੋਵਾਂ ਵਿੱਚ ਸੰਘਰਸ਼ ਹੋਇਆ, ਜੋ ਕੈਮਰੇ ਵਿੱਚ ਕੈਦ ਹੈ। ਇਹ ਜਾਣਕਾਰੀ ਵੀ ਸਬੰਧਤ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦਿੱਤੀ। ਸਾਲੇਹ ਮੋਟਰਸਾਈਕਲ ਸਟਾਰਟਅਪ ਗੋਕਾਡਾ, ਜਿਸ ਨੇ 2018 ਵਿੱਚ ਨਾਈਜੀਰੀਆ ਵਿੱਚ ਆਪਰੇਟ ਕਰਨਾ ਸ਼ੁਰੂ ਕੀਤਾ ਸੀ, ਦਾ ਚੀਫ ਐਗਜ਼ੈਕਟਿਵ ਆਫੀਸਰ ਸੀ। ਬੁੱਧਵਾਰ ਨੂੰ ਕੰਪਨੀ ਵੱਲੋਂ ਉਸ ਦੀ ਮੌਤ ਦੀ ਪੁਸ਼ਟੀ ਕੀਤੀ ਗਈ। ਇਹ ਵੀ ਆਖਿਆ ਗਿਆ ਕਿ ਫਾਹਿਮ ਬਿਹਤਰੀਨ ਆਗੂ, ਪ੍ਰੇਰਣਾ ਦਾ ਸਰੋਤ ਤੇ ਸਾਡੇ ਸਾਰਿਆਂ ਲਈ ਚਾਨਣ ਮੁਨਾਰਾ ਸੀ।

ਜਾਂਚਕਾਰ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਾਲੇਹ ਦੀ ਮੌਤ ਉਸ ਦੀ ਕਾਰੋਬਾਰੀ ਡੀਲਿੰਗਜ਼ ਕਾਰਨ ਹੋਈ ਜਾਂ ਉਸ ਪਿੱਛੇ ਕੋਈ ਹੋਰ ਕਾਰਨ ਸੀ। ਆਲੇ ਦੁਆਲੇ ਦੇ ਸਕਿਊਰਿਟੀ ਕੈਮਰਿਆਂ ਤੋਂ ਇਹ ਪਤਾ ਲਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ ਕਿ ਹਮਲਾਵਰ ਕਿਸ ਦਿਸ਼ਾ ਵਿੱਚ ਫਰਾਰ ਹੋਇਆ।

# ਕੰਜ਼ਰਵੇਟਿਵ ਪਾਰਟੀ ਨੇ ਕਾਇਮ ਕੀਤਾ ਨਵਾਂ ਮੈਂਬਰਸ਼ਿਪ ਰਿਕਾਰਡ, ਬਣਾਏ 270,000 ਮੈਂਬਰ

ਓਟਵਾ, 15 ਜੁਲਾਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਨੇ ਲੀਡਰਸ਼ਿਪ ਦੌੜ ਵਿੱਚ 269,469 ਮੈਂਬਰ ਬਣਾ ਕੇ ਮੈਂਬਰਸ਼ਿਪ ਰਿਕਾਰਡ ਹੀ ਤੋੜ ਦਿੱਤਾ। ਇਸ ਨਾਲ 2004 ਵਿੱਚ ਪਾਰਟੀ ਵੱਲੋਂ ਬਣਾਇਆ ਗਿਆ ਰਿਕਾਰਡ ਵੀ ਟੁੱਟ ਗਿਆ। ਉਸ ਸਮੇਂ ਦੋ ਨੈਸ਼ਨਲ ਪੱਧਰ ਦੀਆਂ ਪਾਰਟੀਆਂ ਦਾ ਰਲੇਵਾਂ ਹੋ ਰਿਹਾ ਸੀ ਤੇ ਕੈਨੇਡਾ ਭਰ ਦੇ ਸਾਰੇ ਹਲਕਿਆਂ ਵਿੱਚ ਨਾਮਜ਼ਦਗੀਆਂ ਖੋਲ੍ਹ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ 2017 ਵਿੱਚ ਇੱਕ ਵਾਰੀ ਨਵਾਂ ਰਿਕਾਰਡ ਬਣਿਆ ਸੀ ਜਦੋਂ 16 ਉਮੀਦਵਾਰ ਲੀਡਰਸ਼ਿਪ ਦੌੜ ਦਾ ਹਿੱਸਾ ਸਨ।

15 ਮਈ, 2020 ਤੱਕ ਕੰਜ਼ਰਵੇਟਿਵ ਪਾਰਟੀ ਕੋਲ ਲੱਗਭਗ 270,000 ਪੇਡ ਕੰਜ਼ਰਵੇਟਿਵ ਪਾਰਟੀ ਮੈਂਬਰਜ਼ ਸਨ, ਇਸ ਤੋਂ ਇਹ ਵੀ ਮਤਲਬ ਹੈ ਕਿ ਕੈਨੇਡਾ ਦੇ ਇਤਿਹਾਸ ਵਿੱਚ ਲੀਡਰਸ਼ਿਪ ਲਈ ਵੋਟ ਕਰਨ ਵਾਲੀ ਇਹ ਸੱਭ ਤੋਂ ਵੱਡੀ ਯੋਗ ਮੈਂਬਰਸ਼ਿਪ ਹੈ। ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ (LEOC) ਦੇ ਕੋ-ਚੇਅਰ ਡੈਨ ਨੌਵਲੈਨ ਨੇ ਆਖਿਆ ਕਿ ਇਹ ਮੈਂਬਰਸ਼ਿਪ ਅੰਕੜੇ ਕੰਜ਼ਰਵੇਟਿਵ ਪਾਰਟੀ ਦੀ ਤਾਕਤ ਦਾ ਹੀ ਸੰਕੇਤ ਹਨ। ਇਸ ਮੁਕਾਬਲੇ ਨੂੰ ਜਿੱਤਣ ਵਾਲਾ ਉਮੀਦਵਾਰ ਕੈਨੇਡਾ ਦਾ ਅਗਲਾ ਪ੍ਰਧਾਨ ਮੰਤਰੀ ਹੋਵੇਗਾ। ਇਸ ਚੋਣ ਵਿੱਚ ਲੋਕਾਂ ਦੀ ਐਨੀ ਦਿਲਚਸਪੀ ਦਰਸਾਉਂਦੀ ਹੈ ਕਿ ਸਾਡੇ ਨਵੇਂ ਆਗੂ ਤੋਂ ਕੀ ਆਸ ਕੀਤੀ ਜਾਂਦੀ ਹੈ।

ਐਲਈਓਸੀ (LEOC) ਦੀ ਕੋ-ਚੇਅਰ ਲੀਜ਼ਾ ਰਾਇਤ ਨੇ ਆਖਿਆ ਕਿ ਇਹ ਜੋਸ਼ ਨਾਲ ਭਰੇ ਹੋਏ ਕੈਨੇਡੀਅਨਜ਼ ਹਨ ਜਿਹੜੇ ਦੱਸਣਾ ਚਾਹੁੰਦੇ ਹਨ ਕਿ ਸਾਡਾ ਅਗਲਾ ਪ੍ਰਧਾਨ ਮੰਤਰੀ ਕੌਣ ਹੋਵੇਗਾ। ਸੱਭ ਤੋਂ ਵੱਧ ਮੈਂਬਰਸ਼ਿਪ ਨੋਵਾ ਸਕੋਸ਼ੀਆ, ਕਿਊਬਿਕ, ਨਿਊਫਾਊਂਡਲੈਂਡ ਐਂਡ ਲੈਬਰਾਡੋਰ ਤੇ ਅਲਬਰਟਾ ਵਿੱਚ ਵਧੀ। ਕੈਨੇਡਾ ਭਰ ਦੇ 150 ਹਲਕਿਆਂ ਵਿੱਚ ਮੈਂਬਰਸ਼ਿਪ ਦੁੱਗਣੀ ਹੋ ਗਈ। ਕੈਨੇਡਾ ਦੇ 100 ਹਲਕਿਆਂ ਵਿੱਚ ਹੁਣ ਕੰਜ਼ਰਵੇਟਿਵ ਪਾਰਟੀ ਦੇ 1000 ਤੋਂ ਵੀ ਵਧ ਮੈਂਬਰ ਹਨ।

ਯੋਗ ਮੈਂਬਰਜ਼ ਲੀਡਰਸ਼ਿਪ ਵਿੱਚ ਇੱਕ ਵੋਟ ਪਾ ਸਕਣਗੇ, ਇਸ ਲਈ 21 ਅਗਸਤ, 2020 ਤੱਕ ਸ਼ਾਮੀਂ 5:00 ਵਜੇ ਤੱਕ ਡਾਕ ਰਾਹੀਂ ਸਬੰਧਤ ਮੈਂਬਰ ਦੀ ਵੋਟ ਪੈ ਜਾਣੀ ਚਾਹੀਦੀ ਹੈ। ਮੈਂਬਰਜ਼ ਵੱਲੋਂ ਹੁਣੇ ਤੋਂ ਹੀ ਵੋਟਾਂ ਪਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ।

# ਚੀਨ ਨੇ ਲਾਇਆ ਦੋਸ਼ : ਵਾਸ਼ਿੰਗਟਨ ਨਾਲ ਰਲ ਕੇ ਚੀਨੀ ਕੰਪਨੀਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਬ੍ਰਿਟੇਨ

ਬੀਜਿੰਗ, 15 ਜੁਲਾਈ (ਪੋਸਟ ਬਿਊਰੋ) : ਚੀਨ ਦੀ ਸਰਕਾਰ ਵੱਲੋਂ ਅੱਜ ਬ੍ਰਿਟੇਨ ਉੱਤੇ ਇਹ ਦੋਸ਼ ਲਾਏ ਗਏ ਹਨ ਕਿ ਉਹ ਵਾਸ਼ਿੰਗਟਨ ਨਾਲ ਰਲ ਕੇ ਚੀਨੀ ਕੰਪਨੀਆਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਬ੍ਰਿਟੇਨ ਵਿੱਚ ਚੀਨ ਦੀ ਟੈਕ ਜਾਇੰਟ ਹੁਆਵੇਈ ਨੂੰ ਨੈਕਸਟ ਜੈਨਰੇਸ਼ਨ (ਨਣਣਟ-ਗਣਨਣਰਅ-ਟੌਨ) ਮੋਬਾਈਲ ਫੋਨ ਨੈੱਟਵਰਕ ਉੱਤੇ ਕੰਮ ਕਰਨ ਤੋਂ ਰੋਕ ਦਿੱਤੇ ਜਾਣ ਤੋਂ ਬਾਅਦ ਚੀਨ ਵੱਲੋਂ ਅਜਿਹਾ ਬਿਆਨ ਦਿੱਤਾ ਗਿਆ।




ਬ੍ਰਿਟਿਸ਼ ਸਰਕਾਰ ਨੇ ਕੱਲ੍ਹ ਇਹ ਐਲਾਨ ਕੀਤਾ ਸੀ ਕਿ ਹੁਆਵੇਈ ਟੈਕਨੌਲੋਜੀਜ਼ ਲਿਮਟਿਡ ਨੂੰ ਇਸ ਨੈੱਟਵਰਕ ਉੱਤੇ ਕੰਮ ਕਰਨ ਤੋਂ ਵਰਜ ਦਿੱਤਾ ਗਿਆ ਹੈ ਕਿਉਂਕਿ ਅਮਰੀਕਾ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਚੀਨ ਵੱਲੋਂ ਭੇਜੇ ਜਾਣ ਵਾਲੇ ਸਾਜ਼ੋ ਸਮਾਨ ਦੀ ਸੇਫਟੀ ਉੱਤੇ ਯਕੀਨ ਕਰਨਾ ਮੁਸ਼ਕਲ ਹੋ ਗਿਆ ਹੈ।

ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜ਼ਮਾਨ ਹੁਆ ਚੁਨਯਿੰਗ ਨੇ ਆਖਿਆ ਕਿ ਕਿਸੇ ਤਰ੍ਹਾਂ ਦੇ ਠੋਸ ਸਬੂਤ ਦੇ ਬਾਵਜੂਦ ਯੂਨਾਈਟਿਡ ਕਿੰਗਡਮ ਨੇ ਬੇਸਿਰਪੈਰ ਦੇ ਖਤਰੇ ਦੱਸਕੇ ਇਹ ਬਹਾਨਾ ਬਣਾਇਆ ਹੈ ਤੇ ਅਮਰੀਕਾ ਨਾਲ ਰਲ ਕੇ ਬ੍ਰਿਟੇਨ ਚੀਨੀ ਕੰਪਨੀਆਂ ਨਾਲ ਪੱਖਪਾਤ ਕਰ ਰਿਹਾ ਹੈ ਤੇ ਸਾਡੀਆਂ ਕੰਪਨੀਆਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਾਸ਼ਿੰਗਟਨ ਵੱਲੋਂ ਹੁਆਵੇਈ ਨੂੰ ਸਕਿਊਰਿਟੀ ਰਿਸਕ ਦੱਸਿਆ ਗਿਆ, ਜਿਸ ਤੋਂ ਕੰਪਨੀ ਵੱਲੋਂ ਇਨਕਾਰ ਕੀਤਾ ਗਿਆ।

# ਰਿਟਰਨ-ਟੂ-ਸਕੂਲ ਪਲੈਨ ਉੱਤੇ ਖਰਚ ਹੋ ਸਕਦੇ ਹਨ 250 ਮਿਲੀਅਨ ਡਾਲਰ : ਟੀਡੀਐਸਬੀ

ਟੋਰਾਂਟੋ, 15 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (TDSB) ਦਾ ਕਹਿਣਾ ਹੈ ਕਿ ਇਸ ਸਾਲ ਦੇ ਅੰਤ ਵਿੱਚ ਰਿਟਰਨ ਟੂ ਸਕੂਲ ਪਲੈਨ ਨੂੰ ਲਾਗੂ ਕਰਨ ਉੱਤੇ 250 ਮਿਲੀਅਨ ਡਾਲਰ ਖਰਚ ਹੋ ਸਕਦੇ ਹਨ।

ਟੀਡੀਐਸਬੀ (TDSB) ਵੱਲੋਂ ਤਿਆਰ ਕੀਤੇ ਗਏ ਇੱਕ ਦਸਤਾਵੇਜ਼ ਮੁਤਾਬਕ ਕਈ ਤਰ੍ਹਾਂ ਦੇ ਪਰੀਪੇਖ ਧਿਆਨ ਵਿੱਚ ਰੱਖੇ ਗਏ ਹਨ ਜਿਵੇਂ ਕਿ ਹਫਤੇ ਵਿੱਚ ਪੰਜ ਦਿਨਾਂ ਲਈ ਫੇਸ-ਟੂ-ਫੇਸ (Face to face) ਲਰਨਿੰਗ, ਜਿਸ ਵਿੱਚ ਗ੍ਰੇਡ ਦੇ ਹਿਸਾਬ ਨਾਲ ਕਲਾਸ ਦਾ ਆਕਾਰ ਨਿਰਭਰ ਕਰੇਗਾ। ਇਸ ਵਿੱਚ 15 ਜਾਂ ਜ਼ਿਆਦਾ ਵਿਦਿਆਰਥੀ ਵੀ ਹਿੱਸਾ ਲੈ ਸਕਣਗੇ।



ਟੀਡੀਐਸਬੀ (TDSB) ਨੇ ਆਖਿਆ ਕਿ ਐਲੀਮੈਂਟਰੀ ਪੱਧਰ ਉੱਤੇ 15 ਵਿਦਿਆਰਥੀਆਂ ਨੂੰ ਪੂਰਾ ਦਿਨ ਇੱਕ ਅਧਿਆਪਕ ਵੱਲੋਂ ਪੜ੍ਹਾਏ ਜਾਣ ਲਈ 2500 ਵਾਧੂ ਅਧਿਆਪਕ ਚਾਹੀਦੇ ਹੋਣਗੇ ਜਿਸ ਉੱਤੇ ਲੱਗਭੱਗ 250 ਮਿਲੀਅਨ ਡਾਲਰ ਖਰਚ ਆਵੇਗਾ। ਇਸੇ ਮਾਡਲ ਤਹਿਤ ਜੇ ਕਲਾਸ ਦਾ ਸਮਾਂ 48 ਮਿੰਟ ਵੀ ਘਟਾ ਦਿੱਤਾ ਜਾਂਦਾ ਹੈ ਤਾਂ ਵੀ 1000 ਵਾਧੂ ਅਧਿਆਪਕ ਚਾਹੀਦੇ ਹੋਣਗੇ ਜਿਨ੍ਹਾਂ ਉੱਤੇ 100 ਮਿਲੀਅਨ ਡਾਲਰ ਖਰਚ ਆਵੇਗਾ।

ਹਰੇਕ ਪਰੀਪੇਖ ਵਿੱਚ ਸਾਰੇ ਵਿਸ਼ੇ ਕਵਰ ਕਰਨ ਲਈ ਅਧਿਆਪਕਾ ਦੀ ਲੋੜ ਤਾਂ ਹੋਵੇਗੀ ਹੀ ਤੇ ਸਹਿਯੋਗੀਆਂ ਨੂੰ ਰਲਵੀਆਂ ਮਿਲਵੀਆਂ ਕਲਾਸਾਂ ਦਿੱਤੀਆਂ ਜਾ ਸਕਦੀਆਂ ਹਨ। ਟੀਡੀਐਸਬੀ (TDSB) ਨੇ ਇਹ ਵੀ ਆਖਿਆ ਕਿ ਯੋਗ ਸਟਾਫ ਦੀ ਘਾਟ ਕਾਰਨ ਫਰੈਂਚ ਭਾਸ਼ਾ ਦੀਆਂ ਕਲਾਸਾਂ ਲਈ ਲੋੜੀਂਦਾ ਸਟਾਫ ਉਪਲਬਧ ਨਹੀਂ ਹੈ। ਟੀਡੀਐਸਬੀ ਨੇ ਦੂਜੇ ਮਾਡਲਾਂ ਦੀ ਵੀ ਗੱਲ ਕੀਤੀ।

ਇਸ ਤੋਂ ਇਲਾਵਾ ਟੀਡੀਐਸਬੀ ਦਾ ਕਹਿਣਾ ਹੈ ਕਿ ਸਕੂਲ ਯੀਅਰ ਦੇ ਪਹਿਲੇ ਚਾਰ ਮਹੀਨਿਆਂ ਲਈ ਪੀਪੀਈ, ਵਾਧੂ ਸਟਾਫ ਤੇ ਕਲੀਨਿੰਗ ਤੋਂ ਇਲਾਵਾ ਵਿਦਿਆਰਥੀਆਂ ਨੂੰ ਸਹਿਯੋਗ ਦੇਣ ਲਈ ਅਮਲੇ ਦੀ ਲੋੜ ਹੋਵੇਗੀ ਜਿਸ ਵਾਸਤੇ 22.5 ਮਿਲੀਅਨ ਡਾਲਰ ਚਾਹੀਦੇ ਹੋਣਗੇ।

ਸਿੱਖਿਆ ਮੰਤਰਾਲੇ ਵੱਲੋਂ ਪ੍ਰੋਵਿੰਸ ਭਰ ਦੇ ਸਕੂਲ ਬੋਰਡਜ਼ ਨੂੰ ਤਿੰਨ ਤਰ੍ਹਾਂ ਦੀਆਂ ਸੰਭਾਵਨਾਂ ਉੱਤੇ ਵਿਚਾਰ ਕਰਨ ਲਈ ਆਖਿਆ ਗਿਆ ਹੈ-ਕੋਵਿਡ-19 ਸਬੰਧੀ ਪੂਰੇ ਮਾਪਦੰਡਾਂ ਨਾਲ ਕਲਾਸ ਵਿੱਚ ਪੂਰਾ ਸਮਾਂ ਪੜ੍ਹਾਈ, ਸਕੂਲ ਤੇ ਰਿਮੋਟ ਲਰਨਿੰਗ ਦਾ ਹਾਈਬ੍ਰਿਡ ਮਾਡਲ, ਪੂਰਾ ਸਮਾਂ ਰਿਮੋਟ ਲਰਨਿੰਗ। ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਨ੍ਹਾਂ ਵੱਲੋਂ ਫੁੱਲ ਟਾਈਮ ਕਲਾਸਾਂ ਵਿੱਚ ਪੜ੍ਹਾਈ ਨੂੰ ਹੀ ਤਰਜੀਹ ਦਿੱਤੀ ਜਾਵੇਗੀ।

# ਵਾੜੇ ਨੂੰ ਲੱਗੀ ਅੱਗ ਉੱਤੇ ਕਾਬੂ ਪਾਉਣ ਲਈ ਫਾਇਰਫਾਈਟਰਜ਼ ਨੂੰ ਕਰਨੀ ਪੈ ਰਹੀ ਹੈ ਮਸ਼ੱਕਤ

ਟੋਰਾਂਟੋ, 15 ਜੁਲਾਈ (ਪੋਸਟ ਬਿਊਰੋ) : ਕੱਲ੍ਹ ਰਾਤ ਓਕਵਿਲੇ ਦੇ ਇੱਕ ਖਾਲੀ ਪਏ ਵਾੜੇ ਵਿੱਚ ਲੱਗੀ ਜ਼ਬਰਦਸਤ ਅੱਗ ਉੱਤੇ ਕਾਬੂ ਪਾਉਣ ਦੀ ਫਾਇਰਫਾਈਟਰਜ਼ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ।



ਇਹ ਅੱਗ ਸਿਕਸਥ ਲਾਈਨ ਤੇ ਹਾਈਵੇਅ 407 ਨੇੜੇ ਸਥਿਤ ਵਾੜੇ ਉੱਤੇ ਲੱਗੀ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਸਾਰਾ ਢਾਂਚਾ ਅੱਗ ਵਿੱਚ ਧੂ-ਧੂ ਕਰਕੇ ਸੜ ਗਿਆ। ਇਸ ਥਾਂ ਉੱਤੇ ਹੋਰ ਇਮ-ਾਰਤਾਂ ਵੀ ਸਨ ਪਰ ਕਿਸੇ ਨੂੰ ਅੱਗ ਨਹੀ ਲੱਗੀ।

ਹਾਲਟਨ ਪੁਲਿਸ ਨੇ ਆਖਿਆ ਕਿ ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਅੱਗ ਉੱਤੇ ਫਾਇਰ ਫਾਈਟਰਜ਼ ਵੱਲੋਂ ਕਾਬੂ ਪਾਉਣ ਲਈ ਕੀਤੀ ਜਾ ਰਹੀ ਮਸ਼ੱਕਤ ਕਾਰਨ ਇਸ ਪਾਸੇ ਦੀਆਂ ਕਈ ਲੋਕਲ ਰੋਡਜ਼ ਬੰਦ ਕੀਤੀਆਂ ਗਈਆਂ ਹਨ।

# ਖਤਰਨਾਕ ਤੇ ਹਥਿਆਰਬੰਦ ਮਸ਼ਕੂਕ ਦੀ ਭਾਲ ਕਰ ਰਹੀ ਹੈ ਓਨਟਾਰੀਓ ਪੁਲਿਸ

ਓਨਟਾਰੀਓ, 15 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਇੱਕ ਹਥਿਆਰਬੰਦ ਤੇ ਖਤਰਨਾਮ ਵਿਅਕਤੀ ਦੀ ਭਾਲ ਲਈ ਕਾਲਰਟਨ ਪਲੇਸ, ਓਨਟਾਰੀਓ ਦੀ ਤਲਾਸ਼ੀ ਲਈ ਜਾ ਰਹੀ ਹੈ। ਅੱਜ ਸਵੇਰੇ ਟਵੀਟਸ ਕਰਕੇ ਪੁਲਿਸ ਨੇ ਆਖਿਆ ਕਿ ਓਟਵਾ ਦੇ ਦੱਖਣਪੱਛਮ ਵਿੱਚ ਹਾਈਵੇਅ 7 ਉੱਤੇ ਸਥਿਤ ਇੱਕ ਮੋਟਲ ਵਿੱਚ ਹਮਲਾ ਕਰਨ ਦੇ ਸਬੰਧ ਵਿੱਚ ਇਹ ਮਸ਼ਕੂਕ ਲੋੜੀਂਦਾ ਹੈ। ਇਸ ਅਣਪਛਾਤੇ ਵਿਅਕਤੀ ਦੇ ਪੁਲਿਸ ਵੱਲੋਂ ਜਾਰੀ ਕੀਤੇ ਵੇਰਵੇ ਅਨੁਸਾਰ ਉਹ ਲੰਮਾਂ, ਗੋਰਾ ਤੇ 20 ਸਾਲ ਦੇ ਲੱਗਭੱਗ ਉਮਰ ਦਾ ਹੈ, ਉਸ ਨੇ ਕਾਲੇ ਰੰਗ ਦੀ ਲੰਮੀਆਂ ਬਾਹਾਂ ਵਾਲੀ ਸ਼ਰਟ ਤੇ ਪੈਂਟ ਪਾਈ ਹੋਈ ਸੀ। ਪੁਲਿਸ ਨੇ ਦੱਸਿਆ ਕਿ ਉਸ ਕੋਲ ਚਾਕੂ ਹੋ ਸਕਦਾ ਹੈ। ਉਸ ਨੂੰ ਵੇਖਣ ਵਾਲੇ ਨੂੰ ਤੁਰੰਤ 911 ਉੱਤੇ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ। ਜਨਤਾ ਲਈ ਹੋਰ ਕੋਈ ਨਿਰਦੇਸ਼ ਜਾਰੀ ਨਹੀ ਕੀਤੇ ਗਏ ਹਨ। ਓਪੀਪੀ ਵੱਲੋਂ ਹਮਲੇ ਵਿੱਚ ਜ਼ਖ਼ਮੀ ਹੋਏ ਵਿਅਕਤੀ ਬਾਰੇ ਕੋਈ ਜਾਣਕਾਰੀ ਨਹੀ ਦਿੱਤੀ ਗਈ ਹੈ।

# ਭੈਣ ਨੂੰ ਕੁੱਤੇ ਦੇ ਹਮਲੇ ਤੋਂ ਬਚਾਉਂਦਿਆਂ ਛੇ ਸਾਲਾ ਲੜਕਾ ਹੋਇਆ ਜ਼ਖ਼ਮੀ, ਲੱਗੇ 90 ਟਾਂਕੇ

...ਪੰਨਾ 1 ਦਾ ਬਾਕੀ

ਕੁੱਤੇ ਨੇ ਬ੍ਰਿਜਰ ਉੱਤੇ ਹੀ ਹਮਲਾ ਕਰ ਦਿੱਤਾ ਤੇ ਇਸ ਹਮਲੇ ਵਿੱਚ ਉਸ ਦੇ ਮੂੰਹ ਤੇ ਸਿਰ ਦੇ ਇੱਕ ਪਾਸੇ ਉੱਤੇ ਕੁਤੇ ਨੇ ਦੰਦ ਮਾਰ ਦਿੱਤੇ। ਜ਼ਖ਼ਮੀ ਹੋਣ ਦੇ ਬਾਵਜੂਦ ਬ੍ਰਿਜਰ ਨੇ ਆਪਣੀ ਭੈਣ ਦਾ ਹੱਥ ਫੜ੍ਹਿਆ ਤੇ ਉਸ ਨੂੰ ਸੁਰੱਖਿਅਤ ਥਾਂ ਉੱਤੇ ਲੈ ਗਿਆ। ਜਦੋਂ ਬ੍ਰਿਜਰ ਨੂੰ ਇਹ ਪੁੱਛਿਆ ਗਿਆ ਕਿ ਉਹ ਕੁੱਤੇ ਦੇ ਸਾਹਮਣੇ ਕਿਉਂ ਆ ਗਿਆ ਤਾਂ ਉਸ ਨੇ ਆਖਿਆ ਕਿ ਉਸ ਨੂੰ ਲੱਗਿਆ ਕਿ ਜੇ ਕਿਸੇ ਨੇ ਮਰਨਾ ਹੀ ਹੈ ਤਾਂ ਉਹ ਆਪ ਹੋਵੇਗਾ

jobs! jobs! jobs! jobs! jobs!

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ShеrGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

## ਅੱਜ ਨਾਮਾ

ਗਿਆ ਈ ਚੀਨ ਦੇ ਨਾਲ ਇਰਾਨ ਕਹਿੰਦੇ,
ਠਿੱਬੀ ਭਾਰਤ ਨੂੰ ਗਿਆ ਉਹ ਲਾ ਮਿੱਤਰ।
ਚਾਬਹਾਰ ਵਿੱਚ ਜਿਹੜੀ ਸੀ ਸਾਂਝ ਪਾਉਣੀ,
ਉਸ ਤੋਂ ਗਿਆ ਉਹ ਕੰਨੀ ਖਿਸਕਾ ਮਿੱਤਰ।
ਬਹੁਤਾ ਭਾਰਤ ਅਮਰੀਕਾ ਦੇ ਗਿਆ ਨੇੜੇ,
ਚੜ੍ਹਿਆ ਇਹੀ ਇਰਾਨ ਨੂੰ ਤਾਅ ਮਿੱਤਰ।
ਸਾਰੀ ਭਾਰਤ ਦੀ ਸਾਂਝ ਫਿਰ ਝਟਕ ਉਹਨੇ,
ਯਾਰਾਨਾ ਲਿਆ ਈ ਚੀਨ ਨਾਲ ਪਾ ਮਿੱਤਰ।
ਲੱਗਦੀ ਯਾਰੀ ਤਾਂ ਲੱਗੇ ਬਈ ਚਾਅ ਕਰ ਕੇ,
ਟੁੱਟਦੀ ਜਦੋਂ ਫਿਰ ਦਿਲ ਜਿਹਾ ਟੁੱਟਦਾ ਈ।
ਰਹਿੰਦੀ ਕਦਰ ਕਰਾਰਾਂ ਨਹੀਂ ਕੀਤਿਆਂ ਦੀ,
ਠਿੱਬੀ ਮਾਰ ਅਗਲਾ ਇੱਦਾਂ ਈ ਸੁੱਟਦਾ ਈ।

**ਤੀਸ ਮਾਰ ਖਾਂ**

# ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਦੇ ਖ਼ਿਲਾਫ਼ ਸ਼ਿਕਾਇਤ ਦਰਜ

### * ਕਾਂਗਰਸ ਵਿਧਾਇਕ ਡਾ. ਹਰਜੋਤ ਦੀ ਸ਼ਿਕਾਇਤ ਉੱਤੇ ਕਾਰਵਾਈ



ਮੋਗਾ, 15 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿੱਚ ਬਣ ਰਹੇ ਇੱਕ ਨੈਸ਼ਨਲ ਹਾਈਵੇਅ ਵਿੱਚ 350 ਕਰੋੜ ਰੁਪਏ ਦਾ ਘਪਲਾ ਦਾ ਦੋਸ਼ ਲਾਉਣ ਕਾਰਨ ਕਾਂਗਰਸ ਵਿਧਾਇਕ ਡਾ. ਹਰਜੋਤ ਕਮਲ ਨੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੇ ਖ਼ਿਲਾਫ਼ ਅੱਜ ਅਪਰਾਧਿਕ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਬੀਤੀ 10 ਜੂਨ ਨੂੰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਹਰਪਾਲ ਸਿੰਘ ਚੀਮਾ ਨੇ ਨਵੇਂ ਬਣ ਰਹੇ ਨੈਸ਼ਨਲ ਹਾਈਵੇਅ ਨੰਬਰ 105-ਬੀ ਲਈ ਮੋਗਾ ਵਿਖੇ ਜ਼ਮੀਨ ਅਕੁਆਇਰ ਕਰਨ ਵਿੱਚ 350 ਕਰੋੜ ਰੁਪਏ ਦਾ ਘਪਲਾ ਦੱਸ ਕੇ ਮੋਗਾ ਦੇ ਵਿਧਾਇਕ ਡਾ: ਹਰਜੋਤ ਕਮਲ ਉੱਤੇ ਦਾ ਦੋਸ਼ ਲਾਇਆ ਸੀ। ਡਾ. ਹਰਜੋਤ ਕਮਲ ਨੇ ਇਸ ਨੂੰ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਲਈ ਮਨਘੜਤ ਬੇਸਮਝੀ ਵਾਲੀ ਸਾਜ਼ਿਸ਼ ਕਰਾਰ ਦਿੱਤਾ ਅਤੇ ਹਰਪਾਲ ਸਿੰਘ ਚੀਮਾ ਨੂੰ ਆਪਣੇ ਵਕੀਲ ਹਰਦੀਪ ਸਿੰਘ ਰਾਹੀਂ ਮਾਣਹਾਨੀ ਨੋਟਿਸ ਦਿੱਤਾ ਸੀ, ਪਰ ਚੀਮਾ ਵੱਲੋਂ ਕੋਈ ਜਵਾਬ ਨਾ ਦੇਣ ਉੱਤੇ ਅੱਜ ਡਾ. ਹਰਜੋਤ ਕਮਲ ਨੇ ਚੀਮਾ ਦੇ ਖਿਲਾਫ਼ ਅਪਰਾਧਿਕ ਕੇਸ ਦਰਜ ਕਰਵਾ ਦਿੱਤਾ ਹੈ। ਡਾ. ਹਰਜੋਤ ਨੇ ਕਿਹਾ ਕਿ ਹਰਪਾਲ ਸਿੰਘ ਚੀਮਾ ਵੱਲੋਂ ਲਾਏ ਦੋਸ਼ ਬੇਤੁਕੇ ਸਨ, ਕਿਉਂਕਿ 350 ਕਰੋੜ ਰੁਪਏ ਟਰਾਂਸਫਰ ਵਾਲੇ ਐਕਸਿਸ ਬੈਂਕ ਦਾ ਜ਼ਿਕਰ ਕਰ ਰਹੇ ਚੀਮਾ ਨੂੰ ਇਹ ਵੀ ਨਹੀਂ ਪਤਾ ਕਿ ਮੋਗਾ ਦੇ ਅਜੀਤਵਾਲ ਕਸਬੇ ਵਿਚ ਐਕਸਿਸ ਬੈਂਕ ਦੀ ਬਰਾਂਚ ਹੀ ਨਹੀਂ ਹੈ। ਇਸ ਬਾਰੇ ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਪੱਤਰ ਲਿਖ ਕੇ ਇਸ ਕੇਸ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਤੋਂ ਕਰਵਾਉਣ ਅਤੇ ਹਰਪਾਲ ਸਿੰਘ ਚੀਮਾ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ।

ਅੱਜ ਏਥੇ ਡਾ. ਹਰਜੋਤ ਕਮਲ ਨੇ ਕਿਹਾ ਕਿ ਚੁਣੇ ਹੋਏ ਨੁਮਾਇੰਦੇ ਉੱਤੇ ਦੂਸ਼ਣਬਾਜ਼ੀ ਤੋਂ ਪਹਿਲਾਂ ਹਰਪਾਲ ਸਿੰਘ ਚੀਮਾ ਨੂੰ ਤੱਥਾਂ ਦੀ ਪੜਤਾਲ ਕਰਨੀ ਚਾਹੀਦੀ ਸੀ, ਜੇ ਚੀਮਾ ਕਿਸੇ ਘੁਟਾਲੇ ਦੀ ਜਾਂਚ ਦੀ ਮੰਗ ਕਰਦੇ ਤਾਂ ਜਾਇਜ਼ ਗੱਲ ਸੀ ਪਰ ਤੱਥਾਂ ਰਹਿਤ ਦੋਸ਼ ਲਾਉਣਾ ਪੜ੍ਹੇ ਲਿਖੇ ਵਕੀਲ ਅਤੇ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਦੇ ਵਕਾਰੀ ਅਹੁਦੇ ਵਾਲੇ ਆਗੂ ਨੂੰ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਵੱਲੋਂ ਲਾਏ ਦੋਸ਼ਾਂ ਕਾਰਨ ਮੈਨੂੰ ਠੇਸ ਪਹੁੰਚੀ ਹੈ। ਉਨ੍ਹਾ ਕਿਹਾ ਕਿ ਹਰਪਾਲ ਸਿੰਘ ਚੀਮਾ ਨੂੰ 15 ਜੂਨ ਨੂੰ ਕਾਰਨ ਦੱਸੋ ਨੋਟਿਸ ਦਿੱਤਾ ਸੀ, ਇਕ ਮਹੀਨੇ ਤੱਕ ਵੀ ਜਵਾਬ ਨਾ ਆਉਣ ਉੱਤੇ ਕਾਨੂੰਨੀ ਰਾਹ ਫੜਿਆ ਤੇ ਅਪਰਾਧਿਕ ਕੇਸ ਦਰਜ ਕਰਾਇਆ ਹੈ। ਉਨ੍ਹਾਂ ਕਿਹਾ ਕਿ ਮਾਣਹਾਨੀ ਨੋਟਿਸ ਵੇਲੇ ਉਨ੍ਹਾਂ ਨੇ ਪੈਸੇ ਦੀ ਮੰਗ ਨਹੀਂ ਸੀ ਕੀਤੀ, ਸਿਰਫ ਬਿਨਾਂ ਤੱਥਾਂ ਤੋਂ ਦੂਸ਼ਣਬਾਜ਼ੀ ਕਰਨ ਲਈ ਮੁਆਫ਼ੀ ਮੰਗਣ ਦੀ ਸ਼ਰਤ ਰੱਖੀ ਸੀ।

## ਕੋਟਕਪੂਰਾ ਗੋਲੀ ਕਾਂਡ: ਵਾਰਦਾਤ ਵੇਲੇ ਦੇ ਐੱਸ ਪੀ ਅਤੇ ਐੱਸ ਐੱਚ ਓ ਦੀਆਂ ਜ਼ਮਾਨਤ ਅਰਜ਼ੀਆਂ ਰੱਦ



ਫਰੀਦਕੋਟ, 15 ਜੁਲਾਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਕੋਟਕਪੂਰਾ ਗੋਲੀ ਕਾਂਡ ਦੇ ਸੰਬੰਧ ਵਿੱਚ ਗ੍ਰਿਫ਼ਤਾਰ ਕੀਤੇ ਗਏ ਉਸ ਵਕਤ ਦੇ ਥਾਣਾ ਸਿਟੀ ਕੋਟਕਪੂਰਾ ਦੇ ਮੁਖੀ ਗੁਰਦੀਪ ਸਿੰਘ ਪੰਧੇਰ ਅਤੇ ਓਦੋਂ ਦੇ ਐੱਸ ਪੀ ਬਲਜੀਤ ਸਿੰਘ ਸਿੱਧੂ ਦੀਆਂ ਜ਼ਮਾਨਤ ਅਰਜ਼ੀਆਂ ਨੂੰ ਅੱਜ ਕਾਰਜਕਾਰੀ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਨੇ ਰੱਦ ਕਰ ਦਿੱਤਾ ਹੈ। ਇਹ ਦੋਸ਼ੀਆਂ ਲਈ ਇੱਕ ਝਟਕਾ ਮੰਨਿਆ ਜਾਂਦਾ ਹੈ।

ਵਰਨਣ ਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ ਵਾਪਰ ਜਾਣ ਦੇ ਬਾਅਦ ਸਰਕਾਰੀ ਕਾਰਤੂਸਾਂ ਨੂੰ ਖੁਰਦ-ਬੁਰਦ ਕਰਨ ਤੇ ਇਸ ਸੰਬੰਧ ਵਿੱਚ ਫਰਜ਼ੀ ਰਿਕਾਰਡ ਤਿਆਰ ਕਰਨ ਦੇ ਦੋਸ਼ ਹੇਠ ਉਸ ਵਕਤ ਦੇ ਕੋਟਕਪੂਰਾ ਦੇ ਸਿਟੀ ਥਾਣਾ ਦੇ ਐੱਸ ਐੱਚ ਓ ਗੁਰਦੀਪ ਸਿੰਘ ਪੰਧੇਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਇਸ ਵਕਤ ਜੇਲ੍ਹ ਵਿੱਚ ਹੈ। ਉਸ ਦੇ ਨਾਲ ਹੀ ਉਸ ਵੇਲੇ ਦੇ ਐੱਸ ਪੀ ਬਲਜੀਤ ਸਿੰਘ ਨੇ ਵੀ ਆਪਣੀ ਗ੍ਰਿਫ਼ਤਾਰੀ ਉੱਤੇ ਰੋਕ ਲਾਉਣ ਲਈ ਅਦਾਲਤ ਵਿੱਚ ਅਗਾਊਂ ਜ਼ਮਾਨਤ ਦੀ ਮੰਗ ਕਰਦੇ ਹੋਏ ਸ਼ੱਕ ਜ਼ਾਹਿਰ ਕੀਤਾ ਸੀ ਕਿ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਉਸ ਨੂੰ ਕਿਸੇ ਵੀ ਸਮੇਂ ਗ੍ਰਿਫ਼ਤਾਰ ਕਰ ਸਕਦੀ ਹੈ। ਅੱਜ ਅਦਾਲਤ ਵਿੱਚ ਲੰਬੀ ਬਹਿਸ ਤੋਂ ਬਾਅਦ ਕਾਰਜਕਾਰੀ ਸੈਸ਼ਨ ਜੱਜ ਨੇ ਇਨ੍ਹਾਂ ਦੋਵਾਂ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ। ਇਸ ਦੇ ਨਾਲ ਹੀ ਵਿਸ਼ੇਸ਼ ਜਾਂਚ ਟੀਮ ਨੇ ਅੱਜ ਗੁਰਦੀਪ ਸਿੰਘ ਪੰਧੇਰ ਨੂੰ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਇੱਕ ਦੋਸ਼ੀ ਵਜੋਂ ਨਾਮਜ਼ਦ ਕਰ ਲਿਆ ਹੈ ।

# ਅਮਰੀਕਾ ਵੱਲੋਂ ਹਾਂਗ ਕਾਂਗ ਦਾ ਆਰਥਿਕ ਪਹਿਲ ਦਾ ਦਰਜਾ ਖ਼ਤਮ

### * ਚੀਨੀ ਕੰਪਨੀਆਂ ਨੂੰ ਈਸਟ ਇੰਡੀਆ ਕੰਪਨੀ ਵਰਗੀਆਂ ਕਿਹਾ



ਵਾਸ਼ਿੰਗਟਨ, 15 ਜੁਲਾਈ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਮੰਗਲਵਾਰ ਨੂੰ ਇਕ ਕਾਰਜਕਾਰੀ ਹੁਕਮ ਉੱਤੇ ਦਸਖ਼ਤ ਕਰ ਕੇ ਹਾਂਗ ਕਾਂਗ ਨੂੰ ਦਿੱਤਾ ਗਿਆ ਆਰਥਿਕ ਪਹਿਲ ਦਾ ਦਰਜਾ ਖ਼ਤਮ ਕਰ ਦਿੱਤਾ ਹੈ। ਰਾਸ਼ਟਰਪਤੀ ਟਰੰਪ ਨੇ ਉਸ ਬਿੱਲ ਉੱਤੇ ਵੀ ਦਸਖ਼ਤ ਕਰ ਦਿੱਤੇ ਹਨ, ਜਿਸ ਵਿੱਚ ਹਾਂਗ ਕਾਂਗ ਵਿੱਚ ਸਿਆਸੀ ਬੇਚੈਨੀ ਉੱਤੇ ਨਕੇਲ ਕੱਸਣ ਬਹਾਨੇ ਹੋਏ ਤਸ਼ੱਦਦ ਲਈ ਜ਼ਿੰਮੇਵਾਰ ਚੀਨੀ ਅਧਿਕਾਰੀਆਂ ਉੱਤੇ ਪਾਬੰਦੀ ਲਾਈ ਗਈ ਹੈ। ਵਰਨਣ ਯੋਗ ਹੈ ਕਿ ਅਮਰੀਕਾ ਨੇ ਇਹ ਕਦਮ ਚੀਨ ਵੱਲੋਂ ਹਾਂਗ ਕਾਂਗ ਵਿੱਚ ਕੌਮੀ ਸੁਰੱਖਿਆ ਕਾਨੂੰਨ ਲਾਗੂ ਕਰਨ ਪਿੱਛੋਂ ਚੁੱਕਿਆ ਹੈ। ਚੀਨ ਦਾ ਨਵਾਂ ਕੌਮੀ ਸੁਰੱਖਿਆ ਕਾਨੂੰਨ ਲਾਗੂ ਹੋ ਜਾਣ ਤੋਂ ਬਾਅਦ ਨਾ ਸਿਰਫ਼ ਹਾਂਗ ਕਾਂਗ ਦੀ ਖ਼ੁਦਮੁਖ਼ਤਿਆਰੀ ਉੱਤੇ ਚੋਖਾ ਅਸਰ ਪਵੇਗਾ, ਸਗੋਂ ਓਥੇ ਦੀ ਲੋਕਤੰਤਰੀ ਆਜ਼ਾਦੀ ਨੂੰ ਵੀ ਖ਼ਤਰਾ ਸਮਝਿਆ ਜਾਂਦਾ ਹੈ। ਟਰੰਪ ਸਰਕਾਰ ਖੁੱਲ੍ਹੇ ਤੌਰ ਉੱਤੇ ਚੀਨ ਵੱਲੋਂ ਇਹ ਕਾਨੂੰਨ ਲਾਗੂ ਕੀਤੇ ਜਾਣ ਦਾ ਵਿਰੋਧ ਕਰਦੀ ਰਹੀ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਮੀਡੀਆ ਸੰਮੇਲਨ ਵਿੱਚ ਕਿਹਾ, 'ਮੈਂ ਚੀਨ ਨੂੰ ਹਾਂਗ ਕਾਂਗ ਦੇ ਲੋਕਾਂ ਖ਼ਿਲਾਫ਼ ਜਬਰ ਲਈ ਜਵਾਬਦੇਹ ਠਹਿਰਾਉਣ ਲਈ ਮੰਗਲਵਾਰ ਇਕ ਕਾਨੂੰਨ ਤੇ ਇਕ ਕਾਰਜਕਾਰੀ ਹੁਕਮ ਉੱਤੇ ਦਸਖ਼ਤ ਕੀਤੇ ਹਨ।' ਉਨ੍ਹਾਂ ਕਿਹਾ ਕਿ ਇਸ ਹੁਕਮ ਦੇ ਲਾਗੂ ਹੋਣ ਮਗਰੋਂ ਹਾਂਗ ਕਾਂਗ ਨਾਲ ਚੀਨ ਵਰਗਾ ਹੀ ਵਿਹਾਰ ਕੀਤਾ ਜਾਵੇਗਾ, ਨਾ ਉਸ ਦਾ ਕੋਈ ਵਿਸ਼ੇਸ਼ ਅਧਿਕਾਰ ਹੋਵੇਗਾ, ਨਾ ਸੰਵੇਦਨਸ਼ੀਲ ਤਕਨੀਕਾਂ ਦੀ ਇੰਪੋਰਟ ਦੀ ਆਗਿਆ ਹੋਵੇਗੀ। ਉਨ੍ਹਾਂ ਕਿਹਾ: 'ਤੁਸੀਂ ਸਾਰੇ ਜਾਣਦੇ ਹੋ ਕਿ ਅਸੀਂ ਚੀਨ ਉੱਤੇ ਵੱਡੇ ਪੱਧਰ ਉੱਤੇ ਟੈਰਿਫ ਲਾ ਰਹੇ ਹਾਂ। ਅਸੀਂ ਦੇਖਿਆ ਹੈ ਕਿ ਕੀ ਹੋਇਆ ਹੈ, ਹਾਲਾਤ ਠੀਕ ਨਹੀਂ ਹਨ। ਹਾਂਗ ਕਾਂਗ ਦੀ ਆਜ਼ਾਦੀ ਖੋਹੀ ਗਈ ਹੈ, ਉਨ੍ਹਾਂ ਦੇ ਅਧਿਕਾਰ ਖੋਹੇ ਗਏ ਤੇ ਮੈਨੂੰ ਲੱਗਦਾ ਹੈ ਕਿ ਇਸ ਨਾਲ ਹਾਂਗ ਕਾਂਗ ਕਦੀ ਵੀ ਆਜ਼ਾਦ ਬਾਜ਼ਾਰ ਵਿੱਚ ਮੁਕਾਬਲਾ ਨਹੀਂ ਕਰ ਸਕੇਗਾ ਤੇ ਕਈ ਲੋਕ ਹਾਂਗ ਕਾਂਗ ਛੱਡ ਜਾਣਗੇ ਤੇ ਇਕ ਮੁਕਾਬਲੇਬਾਜ਼ ਗੁਆ ਲੈਣ ਕਾਰਨ ਸਾਡਾ ਕਾਰੋਬਾਰ ਵਧੇਗਾ।' ਉਨ੍ਹਾਂ ਕਿਹਾ ਕਿ 'ਅਸੀਂ ਉਨ੍ਹਾਂ ਨੂੰ ਉਹ ਚੀਜ਼ਾਂ ਦਿੱਤੀਆਂ, ਜਿਹੜੀਆਂ ਕਿਸੇ ਹੋਰ ਨੂੰ ਕਰਨ ਦਾ ਅਧਿਕਾਰ ਨਹੀਂ ਸੀ ਅਤੇ ਇਸ ਨਾਲ ਬਾਜ਼ਾਰ ਵਿੱਚ ਉਨ੍ਹਾਂ ਨੂੰ ਕਾਫੀ ਲਾਭ ਹੋਇਆ ਤੇ ਉਸ ਕਾਰਨ ਉਨ੍ਹਾਂ ਦਾ ਕਾਰੋਬਾਰ ਏਨਾ ਫੈਲਿਆ ਹੈ। ਕੁਝ ਸਾਲ ਪਹਿਲਾਂ ਸਾਡੇ ਵੱਲੋਂ ਉਨ੍ਹਾਂ ਨੂੰ ਇਹ ਤੋਹਫ਼ਾ ਦੇਣ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਨੇ ਇਹ ਸੋਚਿਆ ਹੋਵੇਗਾ।'

ਦੂਸਰੇ ਪਾਸੇ ਚੀਨ ਦੇ ਵਿਦੇਸ਼ ਮੰਤਰਾਲੇ ਨੇ ਅੱਜ ਬੁੱਧਵਾਰ ਨੂੰ ਕਿਹਾ ਕਿ ਉਹ ਵੀ ਅਮਰੀਕਾ ਦੇ ਲੋਕਾਂ ਤੇ ਸੰਸਥਾਵਾਂ ਖ਼ਿਲਾਫ਼ ਪਾਬੰਦੀਆਂ ਲਾਏਗਾ। ਚੀਨ ਸਰਕਾਰ ਦੇ ਬਿਆਨ ਵਿੱਚ ਟਰੰਪ ਵੱਲੋਂ ਕਾਰਜਕਾਰੀ ਹੁਕਮ ਉੱਤੇ ਦਸਖ਼ਤ ਕਰਨ ਦਾ ਹਵਾਲਾ ਨਹੀਂ ਦਿੱਤਾ ਗਿਆ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਹਾਂਗ ਕਾਂਗ ਦਾ ਕੇਸ ਚੀਨ ਦਾ ਅੰਦਰੂਨੀ ਮਾਮਲਾ ਹੈ ਤੇ ਕਿਸੇ ਵੀ ਵਿਦੇਸ਼ੀ ਤਾਕਤ ਨੂੰ ਇਸ ਵਿੱਚ ਦਖ਼ਲ ਦੇਣ ਦਾ ਅਧਿਕਾਰ ਨਹੀਂ ਹੈ।

ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਵੀ ਕਿਹਾ ਹੈ ਕਿ ਬ੍ਰਿਟੇਨ ਵੱਲੋਂ 5-ਜੀ ਨੈੱਟਵਰਕ ਵਿੱਚੋਂ ਚੀਨ ਦੀ ਟੈਲੀਕਾਮ ਸਾਮਾਨ ਬਣਾਉਣ ਵਾਲੀ ਕੰਪਨੀ ਹੁਆਵੇ ਨੂੰ ਬਾਹਰ ਕਰਨ ਲਈ ਵੀ ਉਨ੍ਹਾਂ ਨੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਉੱਤੇ ਦਬਾਅ ਪਾਇਆ ਸੀ। ਚੀਨ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਬ੍ਰਿਟੇਨ ਦਾ ਕਦਮ ਰਾਸ਼ਟਰੀ ਸੁਰੱਖਿਆ ਦੀ ਬਜਾਏ ਸਿਆਸਤ ਨਾਲ ਜੁੜਿਆ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਵਿੱਚ ਟਰੰਪ ਨੇ ਕਿਹਾ, 'ਅਸੀਂ ਹੁਆਵੇ ਦੇ ਸਾਮਾਨ ਦੀ ਵਰਤੋਂ ਨਾ ਕਰਨ ਲਈ ਕਈ ਦੇਸ਼ਾਂ ਉੱਤੇ ਦਬਾਅ ਪਾਇਆ ਹੈ, ਮੇਰੀ ਸੋਚ ਹੈ ਕਿ ਇਹ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਹੈ। ਅਸੀਂ ਕਈ ਦੇਸ਼ਾਂ ਨਾਲ ਗੱਲ ਕੀਤੀ ਤੇ ਸਾਫ਼ ਕਿਹਾ ਕਿ ਸਾਡੇ ਨਾਲ ਕਾਰੋਬਾਰ ਕਰਨਾ ਹੈ ਤਾਂ ਉਨ੍ਹਾਂ ਨੂੰ ਇਸ ਦੀ ਵਰਤੋਂ ਬੰਦ ਕਰਨੀ ਪਵੇਗੀ। ਬ੍ਰਿਟੇਨ ਨੇ ਇਸ ਤੋਂ ਇਨਕਾਰ ਕੀਤਾ ਹੈ ਕਿ ਟਰੰਪ ਦੇ ਦਬਾਅ ਕਾਰਨ ਉਸ ਨੇ ਹੁਆਵੇ ਉੱਤੇ ਪਾਬੰਦੀ ਲਾਈ ਹੈ। ਬ੍ਰਿਟੇਨ ਦੇ ਸਿਹਤ ਮੰਤਰੀ ਮੈਟ ਹੈਨਕਾਕ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਅਸੀਂ ਟਰੰਪ ਨਹੀਂ ਹਾਂ।

ਇਹੀ ਨਹੀਂ, ਭਾਰਤ ਦੇ ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿਚ ਭਾਰਤੀ ਫੌਜਾਂ ਨਾਲ ਹਿੰਸਕ ਝੜਪ ਕਰਨ ਬਾਰੇ ਵੀ ਅਮਰੀਕਾ ਨੇ ਚੀਨ ਵਿਰੁੱਧ ਪੈਂਤੜਾ ਮੱਲਿਆ ਹੈ। ਅਮਰੀਕਾ ਦੇ ਸਟੇਟ ਡਿਪਾਰਟਮੈਂਟ ਨੇ ਤਾਜ਼ਾ ਬਿਆਨ ਵਿਚ ਕਿਹਾ ਹੈ ਕਿ ਦੂਜੇ ਦੇਸ਼ਾਂ ਵਿਚ ਕੰਮ ਕਰਦੀਆਂ ਚੀਨੀ ਕੰਪਨੀਆਂ ਨਵੇਂ ਜ਼ਮਾਨੇ ਦੀ ਈਸਟ ਕੰਪਨੀ ਵਾਂਗ ਚੱਲ ਰਹੀਆਂ ਹਨ। ਯੂ ਐਸ ਸਟੇਟ ਡਿਪਾਰਟਮੈਂਟ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਚੀਨ ਸਰਕਾਰ ਅੱਜਕੱਲ੍ਹ ਈਸਟ ਇੰਡੀਆ ਕੰਪਨੀ ਵਾਂਗ ਕੰਮ ਕਰਦੀ ਹੈ, ਜਿਸ ਦਾ ਸਾਊਥ ਚਾਈਨਾ ਸੀ ਦੇ ਮੁੱਦੇ ਤੋਂ ਆਰਕਟਿਕ, ਹਿੰਦ ਮਹਾਸਾਗਰ, ਮੈਡੀਟਰੇਨਿਅਨ ਅਤੇ ਦੂਜੇ ਜਲ ਮਾਰਗਾਂ ਦੇ ਭਵਿੱਖ ਉੱਤੇ ਅਸਰ ਪੈ ਰਿਹਾ ਹੈ। ਚੀਨ ਨੇ ਸਮੁੰਦਰਾਂ ਵਿਚ ਉਕਸਾਉਣਾ ਤੇ ਧਮਕਾਉਣਾ ਵਧਾ ਦਿੱਤਾ ਹੈ ਅਤੇ ਹਿਮਾਲਿਆ ਵਿਚ ਦੇਖਿਆ ਜਾ ਰਿਹਾ ਹੈ ਕਿ ਚੀਨ ਦਾ ਭਾਰਤ ਨਾਲ ਆਪਣੀ ਸਰਹੱਦ ਉੱਤੇ ਹਮਲਾਵਰ ਰੁਖ ਹੈ।

# ਕੈਪਟਨ ਅਮਰਿੰਦਰ ਦੀ ਅਪੀਲ: ਕਿਸਾਨ ਯੂਨੀਅਨਾਂ ਕੋਰੋਨਾ ਦੀ ਬਿਮਾਰੀ ਮੌਕੇ ਆਰਡੀਨੈਂਸ ਵਿਰੋਧੀ ਪ੍ਰਦਰਸ਼ਨ ਮੁਲਤਵੀ ਕਰ ਦੇਣ



ਚੰਡੀਗੜ੍ਹ, 15 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਬੁੱਧਵਾਰ ਇਸ ਰਾਜ ਦੀਆਂ ਵੱਖ-ਵੱਖ ਕਿਸਾਨ ਯੂਨੀਅਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਵੇਲੇ ਕੋਵਿਡ ਦੇ ਫੈਲਾਅ ਨੂੰ ਰੋਕਣ ਲਈ ਲਾਈਆਂ ਬੰਦਸ਼ਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਆਰਡੀਨੈਂਸਾਂ ਦੇ ਖਿਲਾਫ ਆਪਣੇ ਰੋਸ ਪ੍ਰਦਰਸ਼ਨਾਂ ਨੂੰ ਹਾਲ ਦੀ ਘੜੀ ਮੁਲਤਵੀ ਕਰ ਦੇਣ ਅਤੇ ਕਿਸੇ ਥਾਂ ਇਕੱਠ ਨਾ ਕਰਨ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਇਕੱਠ ਨਾ ਕਰਨ ਦੀਆਂ ਰੋਕਾਂ ਦੇ ਬਾਵਜੂਦ ਕਈ ਕਿਸਾਨ ਯੂਨੀਅਨਾਂ ਨੇ ਆਪਣੇ ਰੋਸ ਪ੍ਰਦਰਸ਼ਨ ਦੇ ਪ੍ਰੋਗਰਾਮ ਦੇ ਫੈਸਲੇ ਉਤੇ ਕਾਇਮ ਰਹਿਣ ਦਾ ਐਲਾਨ ਕੀਤਾ ਸੀ। ਇਸ ਬਾਰੇ ਰਿਪੋਰਟਾਂ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਮੌਜੂਦਾ ਸੰਕਟ ਨੂੰ ਦੇਖ ਕੇ ਟਕਰਾਅ ਵਾਲੀ ਨੀਤੀ ਨਾ ਅਪਣਾਉਣ, ਕਿਉਂਕਿ ਏਥੇ ਧਾਰਾ 144 ਲਾਗੂ ਹੈ ਅਤੇ ਕਿਤੇ ਵੀ ਇਕੱਠ ਕਰਨ ਦੀ ਮਨਾਹੀ ਹੈ। ਉਨ੍ਹਾਂ ਨੇ ਕਿਸਾਨ ਯੂਨੀਅਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਤੇ ਇਸ ਦੇ ਲੋਕਾਂ ਦੇ ਵਡੇਰੇ ਹਿੱਤਾਂ ਦਾ ਧਿਆਨ ਰੱਖ ਕੇ ਕੋਵਿਡ ਦੀ ਮਹਾਂਮਾਰੀ ਦੇ ਫੈਲਣ ਨੂੰ ਰੋਕਣ ਲਈ ਰਾਜ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਦਾ ਪਾਲਣ ਕਰਨ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਖੇਤੀ ਆਰਡੀਨੈਂਸ ਦਾ ਮੁੱਦਾ ਪੰਜਾਬ ਲਈ ਬਹੁਤ ਮਹੱਤਵ ਪੂਰਨ ਹੈ, ਪਰ ਇਸ ਵੇਲੇ ਫਿਜ਼ੀਕਲ ਰੋਸ ਪ੍ਰਦਰਸ਼ਨ ਕਰਨਾ ਪੰਜਾਬ ਲਈ ਖਤਰਨਾਕ ਹੋ ਸਕਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਉਹ ਆਰਡੀਨੈਂਸਾਂ ਦਾ ਵਿਰੋਧ ਕਰਨ ਲਈ ਆਪਣੇ ਗੁੱਸੇ ਦੇ ਪ੍ਰਗਟਾਵੇ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰ ਸਕਦੇ ਹਨ। ਉਨ੍ਹਾ ਨੇ ਸੂਬੇ ਦੀਆਂ ਸਾਰੀਆਂ ਰਜਿਸਟਰਡ ਰਾਜਸੀ ਪਾਰਟੀਆਂ ਨੂੰ ਪੱਤਰ ਲਿਖ ਕੇ ਨਿੱਜੀ ਤੌਰ ਉੱਤੇ ਬੇਨਤੀ ਕੀਤੀ ਕਿ ਕੋਰੋਨਾ ਮਹਾਂਮਾਰੀ ਦੇ ਕਾਰਨ ਲਾਈਆਂ ਰੋਕਾਂ ਦੌਰਾਨ ਕੋਈ ਸਿਆਸੀ ਇਕੱਠ ਨਾ ਕਰਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਔਖਾ ਸਮਾਂ ਹੈ, ਜਦੋਂ ਪੂਰੇ ਦੇਸ਼ ਵਿੱਚ ਕੇਸ ਵਧ ਰਹੇ ਹਨ।


Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019


# ਭਾਈ ਢੱਡਰੀਆਂ ਵਾਲੇ ਨੇ ਨਵੀਂ ਪਿਰਤ ਪਾਈ: ਬੀਬੀਆਂ ਤੋਂ ਗੁਰਦੁਆਰਾ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸੁੱਖ ਆਸਣ ਦੀ ਸੇਵਾ ਕਰਵਾਈ



ਚੰਡੀਗੜ੍ਹ, 15 ਜੁਲਾਈ (ਪੋਸਟ ਬਿਊਰੋ)- ਬਹੁ-ਚਰਚਿਤ ਸਿੱਖ ਕਥਾ ਵਾਚਕ ਤੇ ਗੁਰਦੁਆਰਾ ਪ੍ਰਮੇਸ਼ਵਰ ਦੁਆਰ ਦੇ ਮੁੱਖ ਸੇਵਾਦਾਰ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ, ਜਿਹੜੇ ਆਪਣੇ ਬੇਬਾਕ ਬੋਲਾਂ ਰਾਹੀਂ ਡੇਰਾਵਾਦ ਦਾ ਵਿਰੋਧ ਕਰਨ ਕਰ ਕੇ ਹਮੇਸ਼ਾ ਸੁਰਖ਼ੀਆਂ 'ਚ ਰਹਿੰਦੇ ਹਨ, ਨੇ ਇੱਕ ਨਵੀਂ ਪਿਰਤ ਪਾਈ ਹੈ, ਜਿਸ ਹੇਠ ਗੁਰਦੁਆਰਾ ਸਾਹਿਬ 'ਚ ਬੀਬੀਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁੱਖ ਆਸਣ ਦੀ ਸੇਵਾ ਕਰਵਾਈ ਹੈ, ਜਦ ਕਿ ਪਹਿਲਾਂ ਸਿੰਘ ਸਾਹਿਬ ਹੀ ਕਰਦੇ ਹਨ।

ਮਿਲੀ ਜਾਣਕਾਰੀ ਅਨੁਸਾਰ ਗੁਰ-ਦੁਆਰਾ ਪ੍ਰਮੇਸ਼ਵਰ ਦੁਆਰ ਵਿਖੇ ਸਜਾਏ ਗਏ ਧਾਰਮਿਕ ਦੀਵਾਨ ਦੀ ਸਮਾਪਤੀ ਹੋਣ ਉੱਤੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਸੰਗਤ ਵਿੱਚ ਬੈਠੀਆਂ ਬੀਬੀਆਂ ਨੂੰ ਕਿਹਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁੱਖ ਆਸਣ ਦੀ ਸੇਵਾ ਨਿਭਾਉਣ। ਉਨ੍ਹਾਂ ਆਪਣੇ ਪ੍ਰਚਾਰ ਦੌਰਾਨ ਵੀ ਕਿਹਾ ਕਿ ਨਵੀਂ ਰੀਤ ਪੈਣੀ ਚਾਹੀਦੀ ਹੈ, ਅਸੀਂ ਹਮੇਸ਼ਾ ਗੁਰਦੁਆਰਾ ਸਾਹਿਬਾਨ 'ਚ ਸਿੰਘਾਂ ਨੂੰ ਹੀ ਜ਼ਿਆਦਾਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁੱਖ ਆਸਣ ਅਤੇ ਸੇਵਾ ਕਰਦੇ ਦੇਖਿਆ ਹੈ ਤੇ ਬੀਬੀਆਂ ਬਹੁਤ ਘੱਟ ਇਸ ਸੇਵਾ ਲਈ ਅੱਗੇ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਔਰਤਾਂ ਵਿੱਚ ਵੀ ਉਤਸ਼ਾਹ ਭਰਨਾ ਚਾਹੀਦਾ ਹੈ ਤਾਂ ਜੋ ਉਹ ਵੀ ਬਰਾਬਰ ਦੇ ਹੱਕ ਲੈਂਦੇ ਹੋਏ ਗੁਰੂ ਘਰ ਦੀ ਸੇਵਾ ਕਰਨ।

ਵਰਨਣ ਯੋਗ ਹੈ ਕਿ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲਦੇ ਸਾਰੇ ਗੁਰਦੁਆਰਾ ਸਾਹਿਬਾਨ ਤੇ ਹੋਰ ਗੁਰੂ ਘਰਾਂ ਵਿੱਚ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁੱਖ ਆਸਣ ਦੀ ਸੇਵਾ ਕਰਦੇ ਹਨ ਅਤੇ ਬੀਬੀਆਂ ਨੂੰ ਇਸ ਸੇਵਾ ਲਈ ਮੌਕਾ ਨਹੀਂ ਦਿੱਤਾ ਜਾਂਦਾ, ਪਰ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਇਹ ਨਵੀਂ ਪਿਰਤ ਪਾਈ ਹੈ।

## ਵਿਦੇਸ਼ ਬੈਠੇ ਚਾਰ ਗਰਮ ਖਿਆਲੀ ਸਿੱਖ ਆਗੂਆਂ ਦੀ ਜਾਇਦਾਦ ਈ ਡੀ ਵੱਲੋਂ ਅਟੈਚ

ਮੋਹਾਲੀ, 15 ਜੁਲਾਈ, (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਵਿਦੇਸ਼ ਵਿੱਚ ਬੈਠੇ ਹੋਏ ਚਾਰ ਗਰਮ ਖਿਆਲੀ ਸਿੱਖ ਆਗੂਆਂ ਦੀ ਜਾਇਦਾਦ ਅਟੈਚ ਕਰ ਲਈ ਹੈ। ਸੈਕਟਰ 68 ਦੇ ਨਾਲ-ਨਾਲ ਜ਼ੀਰਕਪੁਰ ਅਤੇ ਨਿਊ ਚੰਡੀਗੜ੍ਹ ਵਿਚ ਇਸ ਕਾਰਵਾਈ ਦੇ ਸੰਬੰਧ ਵਿੱਚ ਅੱਜ ਬੁੱਧਵਾਰ ਨੂੰ ਛਾਪੇ ਵੀ ਮਾਰੇ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਅੱਜ ਈ ਡੀ ਨੇ ਚੰਡੀਗੜ੍ਹ ਅਤੇ ਇਸ ਦੇ ਆਸ-ਪਾਸ ਇਕ-ਇਕ ਕਨਾਲ ਦੀਆਂ ਤਿੰਨ ਕੋਠੀਆਂ ਅਤੇ ਚਾਰ ਕਮਰਸ਼ੀਅਲ ਪ੍ਰਾਪਰਟੀਜ਼ ਸੀਜ਼ ਕੀਤੀਆਂ ਹਨ। ਇਸ ਦੇ ਨਾਲ ਤਿੰਨ ਬੈਂਕ ਖਾਤੇ ਵੀ ਸੀਜ਼ ਕੀਤੇ ਹਨ, ਜਿਨ੍ਹਾਂ ਰਾਹੀਂ ਪਿਛਲੇ ਦੋ ਸਾਲਾਂ ਵਿੱਚ 85 ਕਰੋੜ ਦੀ ਹਵਾਲਾ ਰਾਸ਼ੀ ਦਾ ਲੈਣ-ਦੇਣ ਹੋਇਆ ਦੱਸਿਆ ਜਾ ਰਿਹਾ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**


# ਡਿਪਟੀ ਮੁੱਖ ਮੰਤਰੀ ਦਾ ਅਹੁਦਾ ਖੋਹਣ ਪਿੱਛੋਂ ਸਚਿਨ ਪਾਇਲਟ ਨੂੰ ਕਾਰਨ ਦੱਸੋ ਨੋਟਿਸ ਵੀ ਜਾਰੀ

*** ਸਚਿਨ ਨੇ ਕਿਹਾ: ਮੈਂ ਭਾਜਪਾ ਵਿੱਚ ਨਹੀਂ ਜਾ ਰਿਹਾ**

ਜੈਪੁਰ, 15 ਜੁਲਾਈ, (ਪੋਸਟ ਬਿਊਰੋ)- ਬਾਗੀ ਹੋਏ ਕਾਂਗਰਸੀ ਆਗੂ ਸਚਿਨ ਪਾਇਲਟ ਨੂੰ ਡਿਪਟੀ ਮੁੱਖ ਮੰਤਰੀ ਅਹੁਦੇ ਤੋਂ ਹਟਾਏ ਜਾਣ ਅਤੇ ਉਨ੍ਹਾਂ ਦੇ ਦੋ ਸਮਰਥਕ ਕੈਬਨਿਟ ਮੰਤਰੀਆਂ ਨੂੰ ਕੱਢੇ ਜਾਣ ਮਗਰੋਂ ਵੀ ਰਾਜਸਥਾਨ ਵਿੱਚ ਸਿਆਸੀ ਸਰਗਰਮੀਆਂ ਰੁਕੀਆਂ ਨਹੀਂ। ਕਾਂਗਰਸ ਪਾਰਟੀ ਨੇ ਸਚਿਨ ਪਾਇਲਟ ਨੂੰ ਵਿਧਾਨ ਸਭਾ ਤੋਂ ਅਯੋਗ ਕਰਾਰ ਦਿਵਾਉਣ ਦੀ ਤਿਆਰੀ ਵੀ ਸ਼ੁਰੂ ਕਰ ਦਿੱਤੀ ਹੈ। ਇਸ ਸੰਬੰਧ ਵਿੱਚ ਵਿਧਾਨ ਸਭਾ ਸਪੀਕਰ ਡਾ. ਸੀ ਪੀ ਜੋਸ਼ੀ ਨੇ ਪਾਇਲਟ ਤੇ ਉਨ੍ਹਾਂ ਦੇ ਸਾਥੀ 19 ਵਿਧਾਇਕਾਂ ਨੂੰ ਨੋਟਿਸ ਜਾਰੀ ਕਰ ਕੇ ਸ਼ੁੱਕਰਵਾਰ ਤਕ ਇਸ ਦਾ ਜਵਾਬ ਦੇਣ ਲਈ ਕਿਹਾ ਹੈ।

ਰਾਜਸਥਾਨ ਵਿਧਾਨ ਸਭਾ ਵਿੱਚ ਕਾਂਗਰਸ ਪਾਰਟੀ ਦੇ ਚੀਫ ਵ੍ਹਿਪ ਡਾ. ਮਹੇਸ਼ ਜੋਸ਼ੀ ਨੇ ਮੰਗਲਵਾਰ ਦੇਰ ਰਾਤ ਮੇਲ ਰਾਹੀਂ ਇਕ ਪਟੀਸ਼ਨ ਦਾਇਰ ਕਰ ਕੇ ਕਿਹਾ ਕਿ ਸਚਿਨ ਪਾਇਲਟ ਅਤੇ ਉਨ੍ਹਾਂ ਦੇ ਸਾਥੀ ਵਿਧਾਇਕਾਂ ਨੇ ਪਾਰਟੀ ਵ੍ਹਿਪ ਦੀ ਉਲੰਘਣਾ ਕਰ ਕੇ ਲਗਾਤਾਰ ਦੋ ਦਿਨ ਕਾਂਗਰਸ ਵਿਧਾਇਕ ਦਲ ਦੀ ਮੀਟਿੰਗ ਵਿਚ ਹਿੱਸਾ ਨਹੀਂ ਲਿਆ। ਵਿਧਾਨ ਸਭਾ ਦੇ ਸਪੀਕਰ ਡਾਕਟਰ ਸੀ ਪੀ ਜੋਸ਼ੀ ਨੇ ਇਸ ਦਾ ਤੁਰੰਤ ਨੋਟਿਸ ਲਿਆ ਅਤੇ ਰਾਤ ਵੇਲੇ ਹੀ ਵਿਧਾਨ ਸਭਾ ਦਫਤਰ ਖੁੱਲ੍ਹਵਾ ਕੇ ਸਚਿਨ ਪਾਇਲਟ ਅਤੇ 19 ਵਿਧਾਇਕਾਂ ਨੂੰ ਨੋਟਿਸ ਜਾਰੀ ਕਰ ਦਿੱਤੇ। ਪਾਇਲਟ ਸਮੱਰਥਕ ਦੋ ਵਿਧਾਇਕਾਂ ਗਜੇਂਦਰ ਸਿੰਘ ਸ਼ਕਤਾਵਤ ਤੇ ਰਾਮਨਿਵਾਸ ਗਾਵੜੀਆ ਦੇ ਪਰਿਵਾਰਾਂ ਨੇ ਨੋਟਿਸ ਲੈਣ ਤੋਂ ਇਨਕਾਰ ਕੀਤਾ ਤਾਂ ਉਨ੍ਹਾਂ ਦੇ ਘਰ ਅੱਗੇ ਨੋਟਿਸ ਚਿਪਕਾ ਦਿੱਤਾ ਗਿਆ ਹੈ, ਜਿਸ ਤੋਂ ਹਰ ਕੋਈ ਹੈਰਾਨ ਹੈ।

ਇਸ ਦੌਰਾਨ ਡਿਪਟੀ ਮੁੱਖ ਮੰਤਰੀ ਵਜੋਂ ਬਰਖਾਸਤ ਕੀਤੇ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਤੋਂ ਹਟਾਏ ਗਏ ਸਚਿਨ ਪਾਇਲਟ ਨੇ ਅੱਜ ਕਿਹਾ ਕਿ ਮੈਂ ਭਾਜਪਾ ਵਿੱਚ ਨਹੀਂ ਜਾ ਰਿਹਾ। ਮੈਂ ਰਾਜਸਥਾਨ ਦੀ ਸੱਤਾ ਵਿੱਚ ਕਾਂਗਰਸ ਨੂੰ ਵਾਪਸ ਲਿਆਉਣ ਤੇ ਭਾਜਪਾ ਨੂੰ ਹਰਾਉਣ ਲਈ ਬਹੁਤ ਮਿਹਨਤ ਕੀਤੀ ਹੈ, ਰਾਜਸਥਾਨ ਦੇ ਕੁਝ ਨੇਤਾ ਇਨ੍ਹਾਂ ਅਫਵਾਹਾਂ ਨੂੰ ਹਵਾ ਦੇ ਰਹੇ ਹਨ ਕਿ ਮੈਂ ਭਾਜਪਾ ਵਿੱਚ ਜਾ ਰਿਹਾ ਹਾਂ, ਪਰ ਇਹ ਸੱਚ ਨਹੀਂ। ਇਹ ਅਫਵਾਹਾਂ ਮੇਰਾ ਅਕਸ ਵਿਗਾੜਨ ਲਈ ਫੈਲਾਈਆਂ ਜਾ ਰਹੀਆਂ ਹਨ। ਦੋਵਾਂ ਪ੍ਰਮੁੱਖ ਅਹੁਦਿਆਂ ਤੋਂ ਹਟਾਏ ਜਾਣ ਪਿੱਛੋਂ ਪਾਇਲਟ ਨੇ ਪਹਿਲੀ ਵਾਰ ਜਨਤਕ ਤੌਰ ਉੱਤੇ ਇਹ ਟਿੱਪਣੀ ਕੀਤੀ ਹੈ।

ਕਾਂਗਰਸ ਪਾਰਟੀ ਦੇ ਮੁੱਖ ਬੁਲਾਰਾ ਰਣਦੀਪ ਸੁਰਜੇਵਾਲਾ ਨੇ ਕਿਹਾ ਹੈ ਕਿ ਅਸੀਂ ਆਪਣੇ ਨੌਜਵਾਨ ਸਾਥੀ ਸਚਿਨ ਪਾਇਲਟ ਤੇ ਕਾਂਗਰਸ ਵਿਧਾਇਕਾਂ ਨੂੰ ਕਹਾਂਗੇ ਕਿ ਜੇ ਤੁਸੀਂ ਭਾਜਪਾ ਵਿੱਚ ਨਹੀਂ ਜਾਣਾ ਚਾਹੁੰਦੇ ਤਾਂ ਭਾਜਪਾ ਦੀ ਹਰਿਆਣਾ ਸਰਕਾਰ ਦੀ ਮੇਜ਼ਬਾਨੀ ਛੱਡੋ ਤੇ ਹਰਿਆਣਾ ਵਿੱਚ ਮਨੋਹਰ ਲਾਲ ਖੱਟੜ ਦੀ ਭਾਜਪਾ ਸਰਕਾਰ ਦਾ ਸੁਰੱਖਿਆ ਚੱਕਰ ਤੋੜ ਕੇ ਉਨ੍ਹਾਂ ਦੇ ਚੁੰਗਲ ਤੋਂ ਬਾਹਰ ਆਓ। ਸਚਿਨ ਪਾਇਲਟ ਤੇ ਉਨ੍ਹਾਂ ਦੇ ਸਮਰਥਕ ਵਿਧਾਇਕ ਇਸ ਵਕਤ ਹਰਿਆਣਾ ਵਿੱਚ ਮਾਨੇਸਰ ਦੇ 2 ਹੋਟਲਾਂ ਵਿੱਚ ਠਹਿਰੇ ਹੋਏ ਹਨ। ਅੱਜ ਬੁੱਧਵਾਰ ਕਾਂ-ਗਰਸ ਨੇ ਰਾਜਸਥਾਨ ਦੇ ਕਾਂਗਰਸ ਪ੍ਰਧਾਨ ਵਜੋਂ ਸਚਿਨ ਪਾਇਲਟ ਨੂੰ ਹਟਾਉਣ ਪਿੱਛੋਂ ਓਥੇ ਜ਼ਿਲ੍ਹਾ ਤੇ ਬਲਾਕ ਕਮੇਟੀਆਂ ਨੂੰ ਵੀ ਭੰਗ ਕਰ ਦਿੱਤਾ ਹੈ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸਚਿਨ ਪਾਇਲਟ ਦਾ ਨਾਮ ਲਏ ਬਿਨਾਂ ਕਿਹਾ ਕਿ ਉਹ ਸਿੱਧੇ ਤੌਰ ਉੱਤੇ ਭਾਜਪਾ ਨਾਲ ਵਿਧਾਇਕਾਂ ਦੀ ਸੌਦੇਬਾਜ਼ੀ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਸਫਾਈ ਕੌਣ ਦੇ ਰਿਹਾ ਹੈ? ਸਫਾਈ ਉਹੀ ਨੇਤਾ ਦੇ ਰਿਹਾ ਹੈ, ਜੋ ਸਾਜ਼ਿਸ਼ ਵਿੱਚ ਸ਼ਾਮਲ ਸੀ। ਸਾਡੇ ਕੋਲ ਡਿਪਟੀ ਮੁੱਖ ਮੰਤਰੀ ਹੋਣ, ਪ੍ਰਦੇਸ਼ ਪ੍ਰਧਾਨ ਹੋਣ ਅਤੇ ਖੁਦ ਹੀ ਜੇ ਡੀਲ ਕਰਨ ਤਾਂ ਉਹ ਸਫਾਈ ਦੇ ਰਹੇ ਹਨ ਕਿ ਏਥੇ ਹਾਰਸ ਟ੍ਰੇਡਿੰਗ ਨਹੀਂ ਹੋ ਰਹੀ ਸੀ। ਤੁਸੀਂ ਤਾਂ ਖੁਦ ਸਾਜ਼ਿਸ਼ ਵਿੱਚ ਸ਼ਾਮਿਲ ਸੀ, ਤੁਸੀਂ ਕੀ ਸਫਾਈ ਦੇ ਰਹੇ ਹੋ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8


FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋਂ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।


FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।


SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਅਜਿਹਾ ਸਿਰਫ 'ਭਾਰਤ' ਵਿੱਚ ਹੀ ਹੁੰਦਾ ਹੈ

-ਆਕਾਰ ਪਟੇਲ

ਯੂ ਐੱਨ ਓ ਨੇ ਕਾਨੂੰਨ ਦੇ ਨਿਯਮ ਨੂੰ ਪ੍ਰਸ਼ਾਸਨ ਦਾ ਸਿਧਾਂਤ ਦੇ ਤੌਰ ਉੱਤੇ ਇਸ ਦੀ ਵਿਆਖਿਆ ਕੀਤੀ ਹੈ, ਜਿਸ 'ਚ ਸਾਰੇ ਲੋਕ, ਸੰਸਥਾਵਾਂ, ਜਨਤਕ ਅਤੇ ਨਿੱਜੀ ਸੰਸਥਾਵਾਂ, ਇੱਥੋਂ ਤੱਕ ਕਿ ਸਰਕਾਰ ਖੁਦ ਵੀ ਕਾਨੂੰਨ ਪ੍ਰਤੀ ਜੁਆਬਦੇਹ ਹੈ। ਇਹ ਜਨਤਕ ਤੌਰ 'ਤੇ ਬਦਲਾਅ ਹੈ। ਇਨ੍ਹਾਂ ਨੂੰ ਆਮ ਤੌਰ 'ਤੇ ਲਾਗੂ ਕੀਤਾ ਜਾਂਦਾ ਅਤੇ ਸੁਤੰਤਰ ਤੌਰ 'ਤੇ ਇਸ 'ਤੇ ਫੈਸਲੇ ਕੀਤੇ ਜਾਂਦੇ ਹਨ। ਇਹ ਕੌਮਾਂਤਰੀ ਮਨੁੱਖੀ ਅਧਿਕਾਰ ਦੇ ਨਿਯਮ ਅਤੇ ਮਾਪਦੰਡਾਂ ਦੇ ਨਾਲ ਤਰਕ ਸੰਗਤ ਹੈ।

ਭਾਰਤ ਇੱਕ ਕਾਨੂੰਨੀ ਸਰਕਾਰ ਦਾ ਨਿਯਮ ਹੈ ਅਤੇ ਸੰਵਿਧਾਨ ਦੀ ਧਾਰਾ-21 ਕਹਿੰਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਰਾਹੀਂ ਸਥਾਪਤ ਪ੍ਰਕਿਰਿਆ ਨੂੰ ਛੱਡ ਕੇ ਉਸ ਦੀ ਜ਼ਿੰਦਗੀ ਜਾਂ ਨਿੱਜੀ ਸੁਤੰਤਰਤਾ ਤੋਂ ਵਾਂਝਿਆਂ ਨਹੀਂ ਕਰਨਾ ਚਾਹੀਦਾ। ਸਰਕਾਰ ਇਸ ਦਾ ਪਾਲਣ ਕਰਨ ਲਈ ਪਾਬੰਦ ਹੈ। ਇਸ ਨਿਯਮ ਨੂੰ ਤੋੜਨ ਦਾ ਮਤਲਬ ਕਾਨੂੰਨ ਤੋੜਨਾ ਹੈ ਅਤੇ ਇੱਕ ਅਪਰਾਧ ਕਰਨਾ ਹੈ। ਜੋ ਕੁਝ ਭਾਰਤ 'ਚ ਵਾਪਰਿਆ ਹੈ, ਉਹ ਕਾਨੂੰਨ ਦਾ ਨਿਯਮ ਨਹੀਂ ਹੈ। ਅਸੀਂ ਤਾਂ ਕਾਨੂੰਨ ਰਹਿਤ ਰਾਸ਼ਟਰ ਹਾਂ ਅਤੇ ਮੈਂ ਇਸ ਨੂੰ ਗੁੱਸਾ ਜਾਂ ਭੜਾਸ ਨਹੀਂ ਕਹਾਂਗਾ, ਸਿਰਫ ਇਹ ਕਹਾਂਗਾ ਕਿ ਇਹ ਇੱਕ ਮਕਸਦ ਭਰਿਆ ਬਿਆਨ ਹੈ, ਜੋ ਸਾਡੇ ਆਲੇ-ਦੁਆਲੇ ਹੋ ਰਿਹਾ ਹੈ। ਇੱਕ ਵਿਅਕਤੀ, ਜਿਸ ਨੇ ਆਪਣੇ ਪੂਰੇ ਪ੍ਰਭਾਵ ਨਾਲ ਬੁਰੇ ਅਪਰਾਧ ਕੀਤੇ ਹੋਣ, ਆਤਮ ਸਮਰਪਣ ਕਰ ਦਿੰਦਾ ਹੈ ਅਤੇ ਉਸ ਨੂੰ ਪੁਲਸ ਹਿਰਾਸਤ 'ਚ ਮਾਰ ਦਿੱਤਾ ਜਾਂਦਾ ਹੈ, ਇਸ ਤੋਂ ਪਹਿਲਾਂ ਕਿ ਉਹ ਆਪਣੇ ਭੇਤ ਜ਼ਾਹਰ ਕਰੇ। ਉਹ ਸੰਵਿਧਾਨ ਦੇ ਹਿਸਾਬ ਨਾਲ ਕਾਨੂੰਨੀ ਪ੍ਰਕਿਰਿਆ ਨਹੀਂ ਝੱਲਦਾ, ਪਰ ਪ੍ਰਕਿਰਿਆ ਦੇ ਬਿਨਾਂ ਹੀ ਉਸ ਨੂੰ ਨਿਪਟਾ ਦਿੱਤਾ ਜਾਂਦਾ ਹੈ।

ਇਹ ਉਹ ਆਧਾਰ ਨਹੀਂ ਹੈ, ਜਿਨ੍ਹਾਂ 'ਤੇ ਮੈਂ ਇਹ ਕਹਿ ਰਿਹਾ ਹਾਂ ਕਿ ਭਾਰਤ ਇੱਕ ਕਾਨੂੰਨ ਰਹਿਤ ਦੇਸ਼ ਹੈ। ਭਾਰਤ 'ਚ ਜਾਂ ਫਿਰ ਉਤਰ ਪ੍ਰਦੇਸ਼ 'ਚ ਇਹ ਕੋਈ ਪਹਿਲਾ ਪੁਲਸ ਮੁਕਾਬਲਾ ਨਹੀਂ। ਯੋਗੀ ਆਦਿੱਤਿਆਨਾਥ ਵੱਲੋਂ ਯੂ ਪੀ ਦੀ ਸੱਤਾ ਸੰਭਾਲਣ ਦੇ ਦਿਨ ਤੋਂ 119 ਪੁਲਸ ਮੁਕਾ-ਬਲੇ ਹੋ ਚੁੱਕੇ ਹਨ ਅਤੇ ਇਥੇ ਅਜਿਹੇ ਹਜ਼ਾਰਾਂ ਹੋਰ ਅੱਗੇ ਵੀ ਹੋਣਗੇ। ਇੱਕ ਪਿਤਾ ਅਤੇ ਉਸ ਦੇ ਪੁੱਤਰ 'ਤੇ ਪੁਲਸ ਵੱਲੋਂ ਤਸ਼ੱਦਦ ਕੀਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ ਕਿਉਂਕਿ ਉਨ੍ਹਾਂ ਦੋਵਾਂ ਨੇ ਆਪਣੀ ਦੁਕਾਨ ਖੋਲ੍ਹੀ ਹੋਈ ਸੀ। ਇਹ ਸਿਰਫ ਭਾਰਤ 'ਚ ਹੀ ਹੁੰਦਾ ਆਇਆ ਹੈ। ਇਹ ਹੋਰ ਕਾਨੂੰਨ ਰਹਿਤ ਰਾਜਾਂ 'ਚ ਵੀ ਹੁੰਦਾ ਹੈ ਅਤੇ ਇਹੀ ਹਕੀਕਤ ਹੈ। ਜਿਨ੍ਹਾਂ ਕੋਲ ਸ਼ਕਤੀ ਹੁੰਦੀ ਹੈ, ਉਹ ਇਸ ਦੀ ਵਰਤੋਂ ਉਨ੍ਹਾਂ ਦੇ ਵਿਰੁੱਧ ਕਰਦੇ ਹਨ, ਜਿੱਥੇ ਕਾਨੂੰਨ ਰਹਿਤ ਸੂਬੇ ਹੁੰਦੇ ਹਨ।

ਕਾਨੂੰਨ ਰਹਿਤ ਭਾਰਤ ਵਰਗੇ ਦੇਸ਼ਾਂ 'ਚ ਇੱਥੋਂ ਤੱਕ ਕਿ ਸਰਕਾਰ ਵੀ ਕਾਨੂੰਨ ਨੂੰ ਨਹੀਂ ਮੰਨਦੀ। ਪਸ਼ੂਆਂ ਦੇ ਬਾਜ਼ਾਰ 'ਚ ਗਊਆਂ ਅਤੇ ਮੱਝਾਂ ਨੂੰ ਮਾਰਨ ਲਈ ਕੀਤੀ ਜਾਂਦੀ ਸੇਲ 'ਤੇ ਪਾਬੰਦੀ ਲਾਉਣ ਲਈ ਨਰਿੰਦਰ ਮੋਦੀ ਸਰਕਾਰ ਨੇ ਕਾਨੂੰਨ ਪਾਸ ਕੀਤਾ ਹੈ। ਮੋਦੀ ਨੂੰ ਗਊਆਂ ਨਾਲ ਪਿਆਰ ਹੈ, ਪਰ ਉਹ ਇਹ ਨਹੀਂ ਜਾਣਦੇ ਕਿ ਉਨ੍ਹਾਂ ਨੂੰ ਏਦਾਂ ਕਰਨ ਦੀ ਅਥਾਰਟੀ ਨਹੀਂ ਹੈ ਕਿਉਂਕਿ ਇਹ ਵਿਸ਼ਾ ਸੰਵਿਧਾਨ ਦੀ ਸੂਬਾਈ ਸੂਚੀ 'ਚ ਹੈ ਅਤੇ ਕੇਂਦਰ ਸਰਕਾਰ ਇਸ ਬਾਰੇ ਨਹੀਂ ਜਾਣਦੀ ਸੀ।

ਜਦੋਂ ਸੁਪਰੀਮ ਕੋਰਟ ਨੇ ਇਸ ਬਾਰੇ ਪੁੱਛਿਆ ਤਾਂ ਕਾਨੂੰਨ ਵਾਪਸ ਲੈ ਲਿਆ ਗਿਆ। ਇਹ ਅਜਿਹਾ ਹੈ, ਜੋ ਕਾਨੂੰਨ ਰਹਿਤ ਦੇਸ਼ਾਂ 'ਚ ਹੀ ਹੁੰਦਾ ਹੈ। ਜੇ ਸਰਕਾਰ ਕਾਨੂੰਨ ਨਹੀਂ ਜਾਣਦੀ ਤਾਂ ਉਹ ਕਿਵੇਂ ਇਸ ਦਾ ਪਾਲਣ ਕਰ ਸਕਦੀ ਹੈ? ਸੂਬਾ ਸਰਕਾਰ ਵੀ ਇਹ ਨਹੀਂ ਜਾਣਦੀ ਤੇ ਇੱਥੋਂ ਤੱਕ ਕਿ ਕਈ ਵਾਰ ਸੁਪਰੀਮ ਕੋਰਟ ਵੀ ਇਸ ਨੂੰ ਨਹੀਂ ਜਾਣਦੀ। 1967 'ਚ ਓਡੀਸ਼ਾ ਸਰਕਾਰ ਨੇ ਧਰਮ ਬਦਲਣ 'ਤੇ ਰੋਕ ਲਾਉਣ ਦਾ ਕਾਨੂੰਨ ਪਾਸ ਕੀਤਾ, ਜੋ ਧਾਰਾ-25 ਦੀ ਸਪੱਸ਼ਟ ਉਲੰਘਣਾ ਹੈ। ਧਰਮ ਬਦਲਣ ਦੇ ਵਿਸ਼ੇਸ਼ ਅਰਥ ਨਾਲ ਪ੍ਰਚਾਰ ਦੇ ਅਧਿਕਾਰ ਨੂੰ ਧਾਰਾ-25 'ਚ ਗਾਰੰਟੀ ਦਿੱਤੀ ਗਈ, ਜਿਵੇਂ ਸੰਵਿਧਾਨਿਕ ਅਸੈਂਬਲੀ ਵੱਲੋਂ ਬਹਿਸ ਦਰਸਾਉਂਦੀ ਹੈ। ਓਡੀਸ਼ਾ ਹਾਈ ਕੋਰਟ ਨੇ ਇਸ ਕਾਨੂੰਨ ਨੂੰ ਉਖਾੜ ਸੁੱਟਿਆ ਪਰ ਸੁਪਰੀਮ ਕੋਰਟ ਨੇ ਦੋਸ਼ਪੂਰਨ, ਬੁਰੀ ਸੰਗਤ ਤੇ ਮੁਸ਼ਕਿਲ ਨਾਲ ਸਿੱਖਿਅਤ ਵਿਚਾਰ ਨਾਲ ਹਾਈ ਕੋਰਟ ਦਾ ਫੈਸਲੇ ਰੱਦ ਕਰ ਦਿੱਤਾ। ਸਿੱਟਾ ਇਹ ਹੈ ਕਿ 10 ਰਾਜਾਂ ਨੇ ਧਰਮ ਪਰਿਵਤਰਨ ਵਿਰੋਧੀ ਕਾਨੂੰਨ ਬਣਾ ਦਿੱਤਾ। ਯੂ ਪੀ 11ਵਾਂ ਸੂਬਾ ਬਣ ਚੁੱਕਾ ਹੈ।

ਯੋਗੀ ਆਦਿੱਤਿਆਨਾਥ ਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਜਿਵੇਂ ਉਨ੍ਹਾਂ ਨੇ ਆਪਣੀ ਪੁਲਸ ਨੂੰ ਇਹ ਅਪਰਾਧ ਕਰਨ ਦਾ ਹੁਕਮ ਦਿੱਤਾ ਹੈ, ਉਹ ਅਪਰਾਧ ਹੈ, ਜਿਸ ਦੇ ਲਈ ਸੰਵਿਧਾਨਕ ਤੌਰ 'ਤੇ ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਗਊਆਂ ਬਾਰੇ ਕਾਨੂੰਨ ਦੇ ਨਾਲ ਮੋਦੀ ਵਾਂਗ ਯੋਗੀ ਨੂੰ ਵੀ ਮੰਨਣਾ ਪਵੇਗਾ ਕਿ ਉਹ ਅਣ ਉਚਿਤ ਚੀਜ਼ ਕਰ ਰਹੇ ਹਨ, ਕਿਉਂਕਿ ਇਹੀ ਭਾਰਤੀ ਸੱਭਿਆਚਾਰ ਹੈ। ਅਜਿਹੀਆਂ ਸਾਰੀਆਂ ਚੀਜ਼ਾਂ ਕਾਨੂੰਨ ਰਹਿਤ ਰਾਜ 'ਚ ਹੁੰਦੀਆਂ ਹਨ। ਅਦਾਲਤਾਂ ਬੇਕਾਰ ਹਨ ਅਤੇ ਜੱਜ ਕਾਨੂੰਨ ਪ੍ਰਤੀ ਅਨਪੜ੍ਹ ਹਨ। ਹੇਠਲੀਆਂ ਅਦਾਲਤਾਂ ਦੇਸ਼ ਧ੍ਰੋਹ ਵਰਗੇ ਕੇਸਾਂ 'ਤੇ ਸੁਪਰੀਮ ਕੋਰਟ ਦੇ ਵਿਰੁੱਧ ਫੈਸਲਾ ਦਿੰਦੀਆਂ ਹਨ। ਵਿਧਾਇਕ ਮਿਲਦੇ ਨਹੀਂ, ਚੁਣੇ ਹੋਏ ਪ੍ਰਤੀਨਿਧੀ ਕਾਨੂੰਨ ਦੀ ਪਾਲਣਾ ਨਹੀਂ ਕਰਦੇ ਅਤੇ ਪੁਲਸ ਆਪਣੀ ਹਿਰਾਸਤ 'ਚ ਕਿਸੇ ਦੀ ਵੀ ਹੱਤਿਆ ਕਰ ਦਿੰਦੀ ਹੈ ਕਿਉਂਕਿ ਇਹ ਸਭ ਭਾਰਤ 'ਚ ਹੀ ਤਾਂ ਹੁੰਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬਿਨ ਤਲਖੀ ਤੋਂ ਤਲਖੀ

-ਕੁਲਜੀਤ ਦਿਆਲਪੁਰੀ

ਸ਼ਿਕਾਗੋ ਦੇ ਪਿੰਡ ਪੈਲਾਟਾਈਨ ਜਿੱਥੇ ਮੈਂ ਰਹਿੰਦਾ ਹਾਂ, ਪਿਛਲੇ ਕਰੀਬ ਡੇਢ ਮਹੀਨੇ ਤੋਂ ਅਧੇੜ ਉਮਰ ਦੀ ਖੰਡ-ਮਿਸ਼ਰੀ ਦੀ ਜੋੜੀ, ਯਾਨੀ ਚਾਈਨੀਜ਼ ਪਤੀ-ਪਤਨੀ ਸੈਰ ਕਰਦਿਆਂ ਮੈਨੂੰ ਰੋਜ਼ ਮਿਲ ਪੈਂਦੇ ਹਨ, ਕਦੇ ਸਵੇਰੇ ਤੇ ਕਦੇ ਸ਼ਾਮ ਵੇਲੇ। ਖੰਡ-ਮਿਸ਼ਰੀ ਉਨ੍ਹਾਂ ਦਾ ਮੌਜੂ ਉਡਾਉਣ ਨੂੰ ਨਹੀਂ ਕਿਹਾ, ਸਗੋਂ ਉਹ ਸੈਰ ਕਰਦਿਆਂ ਆਪਣੀਆਂ ਗੱਲਾਂ ਵਿੱਚ ਖੰਡ-ਮਿਸ਼ਰੀ ਹੋਏ ਹੁੰਦੇ ਹਨ। ਇਤਫਾਕ ਇਹ ਵੀ ਹੈ ਕਿ ਖੰਡ ਨੂੰ 'ਚੀਨੀ' ਵੀ ਆਖਦੇ ਹਨ।

ਪਹਿਲਾਂ ਕੋਵਿਡ 19 ਮਹਾਮਾਰੀ ਦਾ ਸੰਬੰਧ ਚੀਨ ਨਾਲ ਜੁੜਨ ਕਰ ਕੇ ਅਤੇ ਫਿਰ ਭਾਰਤ-ਚੀਨ ਵਿਚਾਲੇ ਕਸ਼ਮਕਸ਼ ਵਧਣ ਵੇਲੇ ਤੋਂ ਜਦੋਂ ਵੀ ਉਹ ਮੈਨੂੰ ਨਜ਼ਰੀ ਪੈਂਦੇ ਸਨ ਤਾਂ ਮੇਰੇ ਮਨ ਵਿੱਚ ਕਿੰਨਾ ਕੁਝ ਉਸਲਵੱਟੇ ਜਿਹੇ ਲੈਣ ਲੱਗਦਾ ਸੀ, ਸ਼ਾਇਦ ਆਜਿਹਾ ਉਨ੍ਹਾਂ ਨਾਲ ਵੀ ਵਾਪਰਦਾ ਹੋਵੇਗਾ। ਪਰਵਾਸ ਕਰ ਜਾਣ ਕਾਰਨ ਬੇਸ਼ੱਕ ਵਿਦੇਸ਼ ਦੇ ਬਾਸ਼ਿੰਦੇ ਹੋ ਗਏ ਹਾਂ, ਪਰ ਜੰਮਣ ਭੋਂ ਅਤੇ ਆਪਣੇ ਦੇਸ਼ ਨਾਲ ਮੋਹ ਦੀਆਂ ਤੰਦਾਂ ਜੁੜੀਆਂ ਹੀ ਹੁੰਦੀਆਂ ਹਨ। ਉਂਝ ਸਾਡਾ ਕੋਈ ਵੱਟ-ਬੰਨੇ ਦਾ ਰੌਲਾ ਵੀ ਨਹੀਂ ਤੇ ਨਾ ਅਸੀਂ ਇੱਕ-ਦੂਜੇ ਨੂੰ ਪਹਿਲਾਂ ਕਦੇ ਹਾਏ-ਹੈਲੋ ਬੁਲਾਈ ਸੀ। ਸਰਸਰੀ ਜਿਹੀਆਂ ਨਜ਼ਰਾਂ ਮਿਲਦੀਆਂ ਸਨ ਤੇ ਅਸੀਂ ਦੋਵੇਂ ਧਿਰਾਂ ਆਪੋ-ਆਪਣੇ ਮੂੰਹਾਂ ਉੱਤੇ ਝੂਠੀ ਜਿਹੀ ਮੁਸਕਾਨ ਦਾ ਛੱਟਾ ਕੇਰ ਕੇ ਮਿਲੇ ਹੋਣ ਦਾ ਫਰਜ਼ ਪੂਰਾ ਕਰ ਦਿੰਦੇ ਸਾਂ। ਉਹ ਆਪਣੀ ਮਸਤੀ ਵਿੱਚ ਤੇ ਮੈਂ ਆਪਣੀ ਮਸਤੀ ਵਿੱਚ ਇੱਕ-ਦੂਜੇ ਕੋਲੋਂ ਦੀ ਲੰਮੀਆਂ-ਲੰਮੀਆਂ ਪੁਲਾਂਘਾਂ ਪੁੱਟਦੇ ਨਿਕਲ ਜਾਂਦੇ ਸਾਂ, ਬੱਸ ਸੋਸ਼ਲ ਡਿਸਟੈਂਸਿੰਗ (ਸਰੀਰਕ ਦੂਰੀ) ਦੀ ਪਾਲਣਾ ਕਰਦਿਆਂ। ਅਸਲ ਵਿੱਚ ਜਦੋਂ ਦਾ ਕੋਰੋਨਾ ਦਾ ਰੇੜਕਾ ਪਿਆ ਸੀ, ਉਦੋਂ ਤੋਂ ਸੋਸ਼ਲ ਲਾਈਫ ਵਿੱਚ ਸੋਸ਼ਲ ਡਿਸਟੈਂਸਿੰਗ ਦਾ ਭੰਬਲਭੂਸਾ ਵੀ ਆ ਪਿਆ। ਬੰਦਾ ਬਚ ਕੇ ਨਿਕਲਦਾ। ਉਤੋਂ ਭਾਰਤ ਅਤੇ ਚੀਨ ਵਿਚਾਲੇ ਪੈਦਾ ਹੋਏ ਤਣਾਓ ਦਾ ਵੀ ਸ਼ਾਇਦ ਕੁਝ ਅਸਰ ਹੈ ਕਿ ਆਪੋ-ਆਪਣੇ ਦੋ ਪਿਤਰੀ ਦੇਸ਼ਾਂ ਤੋਂ ਅਮਰੀਕਾ ਆਣ ਵਸੇ ਅਤੇ ਇੱਕੋ ਕਲੋਨੀ ਵਿੱਚ ਰਹਿੰਦੇ ਹੋਣ ਦੇ ਬਾਵਜੂਦ ਅਸੀਂ ਇੱਕ ਦੂਜੇ ਤੋਂ ਅਣਜਾਣ ਹਾਂ। ਸ਼ਾਇਦ ਉਨ੍ਹਾਂ ਨੂੰ ਵੀ ਮੇਰੇ ਇੰਡੀਅਨ ਹੋਣ ਦੀ ਸੂਹ ਲੱਗ ਗਈ ਤੇ ਮੈਨੂੰ ਵੀ ਯਕੀਨ ਜਿਹਾ ਹੋ ਗਿਆ ਕਿ ਉਹ ਮੇਰੇ ਦੇਸ਼ ਭਾਰਤ ਦੇ ਗਵਾਂਢੀ ਦੁਸ਼ਮਣ ਦੇਸ਼ ਤੋਂ ਹਨ। ਯਕੀਨਨ ਅਜਿਹੀ ਹਾਲਤ ਦੋ ਮੁਲਕਾਂ ਦੇ ਸਿਆਸਤਦਾਨਾਂ ਦੇ ਸਿਆਸੀ ਖੇਖਣਾਂ ਕਰ ਕੇ ਪੈਦਾ ਹੋ ਗਈ ਹੈ।

ਇਹ ਵੀ ਇਤਫਾਕ ਹੈ ਕਿ ਇਹ ਜੋੜਾ ਪਹਿਲਾਂ ਕਦੇ ਕਦੇ ਨਜ਼ਰ ਆਉਂਦਾ ਸੀ, ਅੱਜਕੱਲ੍ਹ ਸੈਰ ਕਰਦਿਆਂ ਸਾਡੀ ਕਲੋਨੀ ਦੀਆਂ ਸੜਕਾਂ ਗਲੀਆਂ ਗਾਹੁਣ ਵਿੱਚ ਪੂਰੀ ਤਰ੍ਹਾਂ ਸਰਗਰਮ ਹੈ। ਇੱਕ ਦਿਨ ਉਹ ਸੈਰ ਕਰਦੇ ਸਾਡੇ ਘਰ ਵੱਲ ਦੀ ਆਉਂਦੇ ਮੈਨੂੰ 'ਚੀਨੀ ਫੌਜੀ' ਜਾਪਣ ਲੱਗ ਪਏ, ਜਿਵੇਂ ਕਿਸੇ ਸਾਜ਼ਿਸ ਤਹਿਤ ਸਾਡੇ ਇਲਾਕੇ ਵੱਲ ਘੁਸਪੈਠ ਕਰਦੇ ਚਲੇ ਆ ਰਹੇ ਹੋਣ। ਦਿਲਚਸਪ ਗੱਲ ਇਹ ਕਿ ਇੱਕ ਤਾਂ ਉਹ ਦੋਵੇਂ ਰੰਗ ਦੇ ਸਾਫ ਹਨ, ਉਤੋਂ ਉਨ੍ਹਾਂ ਸੈਰ ਕਰਨ ਨੂੰ ਵੀ ਨਵੇਂ ਤੇ ਰੰਗ-ਬਿਰੰਗੇ ਕੱਪੜੇ ਪਾਏ ਹੁੰਦੇ ਹਨ। ਮੈਂ ਤਾਂ ਮੰਜੇ ਤੋਂ ਉਠਦਿਆਂ ਪਾਣੀ ਦੇ ਦੋ ਕੁ ਗਲਾਸ ਅੰਦਰ ਸੁੱਟ ਕੇ ਟੀ-ਸ਼ਰਟ ਅਤੇ ਨਿੱਕਰ 'ਚ ਹੀ ਸੈਰ ਨੂੰ ਤੁਰ ਪੈਂਦਾ ਹਾਂ।

ਸਾਡੀ ਕਈ ਦਨਾਂ ਦੀ ਆਪਸੀ ਬੇਰੁਖੀ ਬਾਰੇ ਸੋਚ ਕੇ ਮੈਂ ਇੱਕ ਦਿਨ ਮਨੋ-ਮਨੀ ਫੈਸਲਾ ਕੀਤਾ ਕਿ ਅੱਜ ਇਸ ਜੋੜੀ ਨੂੰ ਦੇਖਦਿਆਂ ਸਾਰ ਦੂਰੋਂ ਹੈਲੋ ਵਗਾਹ ਮਾਰਨੀ ਅਤੇ ਆਪਣੀ ਹੈਂਕੜ ਨੂੰ ਸੈਰ ਕਰਦਿਆਂ ਆਪਣੇ ਬੂਟਾਂ ਥੱਲੇ ਦਰੜ ਦੇਣਾ ਹੈ। ਮੇਰਾ ਇਰਾਦਾ ਦ੍ਰਿੜ ਸੀ; 'ਬਿਨਾਂ ਤਲਖੀ ਪੈਦਾ ਹੋਏ ਤਲਫੀ ਵਾਲੇ ਮਾਹੌਲ' ਨੂੰ ਥੋੜ੍ਹਾ ਸਾਜ਼ਗਾਰ ਬਣਾਉਣ ਦਾ। ਸਵੇਰੇ ਸੈਰ ਲਈ ਨਿਕਲਿਆ ਅਤੇ ਦਸ ਕੁ ਮਿੰਟਾਂ ਬਾਅਦ ਉਹ ਮੈਨੂੰ ਨਜ਼ਰ ਆ ਗਏ। ਮੈਨੂੰ ਮੇਰੀ ਇੱਛਾ ਨੂੰ ਬੂਰ ਪੈਂਦਾ ਦਿਸਿਆ, ਪਰ ਸ਼ਾਇਦ ਸੋਸ਼ਲ ਡਿਸਟੈਂਸਿੰਗ ਬਹਾਲ ਰੱਖਣ ਦੇ ਮਕਸਦ ਨਾਲ ਉਹ ਦੋਵੇਂ ਸੜਕ ਪਾਰ ਕਰ ਕੇ ਦੂਜੇ ਪਾਸੇ ਬਣੇ ਫੁੱਟਪਾਥ ਤੇ ਜਾ ਚੜ੍ਹੇ, ਕਿਉਂਕਿ ਉਨ੍ਹਾਂ ਨੂੰ ਦੇਖ ਕੇ ਮੈਂ ਵੀ ਕਈ ਵਾਰ ਅਜਿਹਾ ਕੀਤਾ ਸੀ। ਉਹ ਆਪਣੀ ਚਾਲ ਵਿੱਚ ਮਸਤ ਸਨ ਤੇ ਮੈਂ ਆਪਣੇ ਇਰਾਦੇ 'ਤੇ ਕਾਇਮ ਸਾਂ। ਮੈਂ ਸੜਕ 'ਤੇ ਉਰਲੇ ਪਾਸਿਓਂ ਉਨ੍ਹਾਂ ਨੂੰ ਨਿਮਰ ਭਰੀ 'ਹੈਲੋ' ਬੁਲਾ ਦਿੱਤੀ ਤੇ ਉਨ੍ਹਾ ਵੱਲ ਨਜ਼ਰਾਂ ਟਿਕਾ ਲਈਆਂ। ਉਨ੍ਹਾਂ ਦੋਵਾਂ ਨੇ 'ਹਾਏ ਹੈਲੋ' ਬੋਲ ਕੇ ਮੇਰਾ ਮਾਣ ਰੱਖ ਲਿਆ। ਉਨ੍ਹਾਂ ਦੇ ਚਿਹਰੇ 'ਤੇ ਆਈ ਮੁਸਕੁਰਾਹਟ ਮੈਨੂੰ ਉਦੋਂ ਸੱਚੀ, ਬਨਾਵਟੀ ਜਿਹੀ ਬਿਲਕੁਲ ਨਹੀਂ ਜਾਪੀ, ਜਿਵੇਂ ਪਹਿਲਾਂ ਇੱਕ ਦੂਜੇ ਨੂੰ ਦੇਖਣ ਵੇਲੇ ਅਕਸਰ ਲੱਗਦੀ ਸੀ। ਮੈਂ ਮਹਿਸੂਸ ਕੀਤਾ, ਜਿਵੇਂ ਮੇਰੀ 'ਹੈਲੋ' ਨੇ ਦੋਵਾਂ ਧਿਰਾਂ ਦੇ ਮਨਾਂ ਅੰਦਰ ਉਪਜੀ ਕੁੜੱਤਣ ਖਤਮ ਕਰ ਦਿੱਤੀ ਹੋਵੇ।

ਕਾਸ਼! ਭਾਰਤ ਤੇ ਉਸ ਦੇ ਗਵਾਂਢੀ ਮੁਲਕਾਂ ਵਿਚਾਲੇ ਆਈ ਕੁੜੱਤਣ ਵੀ ਮੁੱਕ ਜਾਵੇ ਅਤੇ ਸਭ ਧਿਰਾਂ ਦੇ ਫੌਜੀ ਪੁੱਤ ਕੱਫਣਾਂ ਵਿੱਚ ਲਿਪਟਮ ਤੋਂ ਬਚੇ ਰਹਿਣ ਤੇ ਲੋਕਾਂ ਨੂੰ ਵੀ ਸੁੱਖ ਦਾ ਸਾਹ ਆਵੇ। ਖੈਰ, ਇਹ ਆਮ ਬੰਦੇ ਦੇ ਵੱਸ ਤਾਂ ਨਹੀਂ, ਪਰ ਸਰਕਾਰਾਂ ਤੋਂ ਆਸ ਤਾਂ ਰੱਖੀ ਹੀ ਜਾ ਸਕਦੀ ਹੈ ਕਿ ਗਵਾਂਢੀ ਮੁਲਕਾਂ ਨਾਲ ਸੰਬੰਧ ਸੰਜੀਦਾ ਹੋਣ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384



**WAREHOUSE ORDER PICKER** (For a Food distribution company in Scarborough)

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**

- 2 positions, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time/ Part time Monday - Friday
- Hourly Rate - Order Picker - $18 to $21, depending upon experience.

Please send your resumes by email at siva@srimi.com or by fax at +1 647-351-7157 or Call Ram at +1 647-831-9149 (Morning) or Siva at +1 416-666-8525 (Evening).










GUNTAAS RADIO AM 530
Monday to Friday 10am to 11am

Jaswinder Kaur Taggar
jaswindertaggar3@yahoo.ca

647-765-2340 ● For Marketing 647-656-6648






# ਪ੍ਰਦੇਸੀਆਂ ਦੀ ਪੀੜਾ

-ਡਾ. ਗੁਰਬਖ਼ਸ਼ ਸਿੰਘ ਭੰਡਾਲ

ਮਨ ਬਹੁਤ ਨਿਰਾਸ਼, ਉਦਾਸ ਤੇ ਹਤਾਸ਼ ਹੈ, ਪ੍ਰਦੇਸੀਆਂ ਪ੍ਰਤੀ ਆਪਣਿਆਂ ਦੀ ਬੇਰੁੱਖੀ, ਬੇਰੁਹਮਤੀ ਤੇ ਬੇਗਾਨਗੀ ਤੋਂ। ਸੋਚਦਾ ਹਾਂ ਕਿ ਪੰਜਾਬੀ ਅਜੇਹੇ ਤਾਂ ਨਹੀਂ ਸਨ। ਕੀ ਇਹ ਅਚਨਚੇਤੀ ਹੀ ਵਾਪਰਿਆ? ਕੀ ਇਹ ਬਦਤਰ ਬਦਲਾਅ ਚਿਰ ਤੋਂ ਹੀ ਉਹਨਾਂ ਦੇ ਮਨਾਂ ਵਿਚ ਪਨਪ ਰਿਹਾ ਸੀ ਅਤੇ ਕਰੋਨਾ ਦੀ ਆਫ਼ਤ ਨੇ ਉਹਨਾਂ ਦੇ ਅੰਦਰਲੇ ਸਵਾਰਥ ਨੂੰ ਜੱਗ-ਜਾਹਰ ਕਰ ਦਿਤਾ? ਕਿਉਂ ਉਹ ਪੰਜਾਬੀਅਤ ਅਤੇ ਅਮੀਰ ਵਿਰਸੇ ਨੂੰ ਭੁੱਲ ਗਏ? ਕੀ ਇਹ ਆਪ-ਮੁਹਾਰੇ ਸੀ ਜਾਂ ਕਿਸੇ ਸੋਚੀ-ਸਮਝੀ ਸਾਜਸ਼ ਦਾ ਹਿੱਸਾ ਸੀ? ਪ੍ਰਦੇਸੀਆਂਦੇ ਮਨ ਵਿਚ ਬਹੁਤ ਸਾਰੇ ਪ੍ਰਸ਼ਨਉਭਰ ਕੇ, ਇਕ ਚਸਕ ਪੈਦਾ ਕਰਦੇ ਨੇ। ਇਹਨਾਂ ਸਵਾਲਾਂ ਦੀ ਧਰਾਤਲ ਹੈ ਬੀਤੇ ਦਿਨੀਂ ਸਾਹਮਣੇ ਆਏ ਕੁਝ ਦ੍ਰਿਸ਼।

ਪਹਿਲਾ: ਏਅਰਪੋਰਟ ਤੋਂ ਆਪਣੇ ਪਿੰਡ ਆ ਰਿਹਾ ਪ੍ਰਦੇਸੀ ਟੈਕਸੀ ਵਿਚ ਇਕ ਗਾਣਾ ਸੁਣਦਾ ਹੈ ਜਿਸ ਵਿਚ ਪੰਜਾਬ ਵਿਚਲੀ ਕਰੋਨਾ ਦੀ ਮਹਾਂਮਾਰੀ ਦਾ ਕਸੂਰਵਾਰ, ਵਿਦੇਸ਼ ਤੋਂ ਆਏ ਇਕ ਵਿਅਕਤੀ ਵਿਸ਼ੇਸ਼ ਨੂੰ ਠਹਿਰਾਇਆ ਜਾ ਰਿਹਾ ਏ। ਬਿਨਾਂ ਕਿਸੇ ਕਸੂਰ ਤੋਂ ਖੁਦ ਨੂੰ ਦੋਸ਼ੀ ਸਮਝਣ ਲੱਗ ਪੈਂਦਾ ਏ, ਆਪਣੇ ਪਿੰਡ ਜਾ ਰਿਹਾ ਪ੍ਰਦੇਸੀ।

ਦੂਜਾ: ਪਿੰਡ ਵੜਨ ਲੱਗਿਆਂ ਪ੍ਰਦੇਸੀ ਦੇਖਦਾ ਹੈ ਕਿ ਉਸ ਵਲੋਂ ਆਪਣੇ ਬਾਪ ਦੀ ਯਾਦ ਵਿਚ ਉਸਾਰੇ ਗੇਟ 'ਤੇ ਪਿੰਡ ਦੇ ਚੌਬਰਾਂ ਨੇ ਨਾਕਾ ਲਾਇਆ ਏ। ਉਸਦੀ ਆਓ-ਭਗਤ ਕਰਨ ਵਾਲੇ ਹੀ ਉਸਨੂੰ ਪਿੰਡ ਵਿਚ ਵੜਨ ਤੋਂ ਵਰਜਦੇ ਨੇ। ਇਹ ਕੇਹੀ ਗਲਤ ਧਾਰਨਾ ਫੈਲਾ ਦਿਤੀ ਗਈ ਕਿ ਵਿਦੇਸ਼ ਤੋਂ ਆਉਣ ਵਾਲਾ ਹਰ ਵਿਅਕਤੀ ਹੀ ਕਰੋਨਾ ਲੈ ਕੇ ਪਿੰਡ ਵਿਚ ਆ ਰਿਹਾ ਏ। ਉਸਦਾ ਪਿੰਡ ਵਿਚ ਦਾਖਲਾ ਹੀ ਵਰਜਿੱਤ ਕਰ ਦਿਤਾ ਜਾਂਦਾ ਏ। ਕੁਝ ਸਿਆਣੇ ਉਸਨੂੰ ਇਸ ਸ਼ਰਤ 'ਤੇ ਪਿੰਡ ਵੜਨ ਦਿੰਦੇ ਨੇ ਕਿ ਉਹ ਆਪਣੇ ਘਰ ਤੋਂ ਬਾਹਰ ਨਹੀਂ ਨਿਕਲੇਗਾ ਅਤੇ ਕਿਸੇ ਨੂੰ ਨਹੀਂ ਮਿਲੇਗਾ। ਆਪਣਿਆਂ ਨੂੰ ਮਿਲਣ ਆਏ 'ਤੇ ਇਹ ਕੇਹੀਆਂ ਪਾਬੰਦੀਆਂ ਲਾ ਦਿਤੀਆਂ ਗਈਆਂ ਕਿ ਉਹ ਆਪਣੇ ਪਿੰਡ ਤੇ ਘਰ ਵਿਚ ਹੀ ਕੈਦ ਹੋ ਗਿਆ। ਇਸ ਦੇ ਕੀ ਅਰਥ ਨੇ, ਕਦੇ ਉਸਦੇ ਆਪਣਿਆਂ ਨੇ ਪ੍ਰਦੇਸੀ ਨੂੰ ਪੁੱਛਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜੋ ਕਦੇ ਉਸਦੇ ਸਾਹੀਂ ਜਿਊਣ ਦਾ ਦਮ ਭਰਦੇ ਸਨ। ਕੁਝ ਤਾਂ ਉਹਦੀਆਂ ਰਹਿਮਤਾਂ ਵੀ ਮਾਣਦੇ ਸਨ।

ਤੀਜਾ; ਪ੍ਰਵਾਸੀ ਪਰਿਵਾਰ ਕਈ ਦਿਨਾਂ ਤੋਂ ਆਪਣੇ ਘਰ ਵਿਚ ਨਜ਼ਰਬੰਦ ਏ। ਭਾਈਚਾਰੇ, ਸਮਾਜ ਜਾਂ ਸਰਕਾਰ ਨੂੰ ਉਸਦੇ ਖਾਣ-ਪੀਣ ਜਾਂ ਸਹੂਲਤਾਂ ਦੀ ਕੋਈ ਪ੍ਰਵਾਹ ਨਹੀਂ। ਉਹ ਭੁੱਖਣ-ਭਾਣਾ, ਮਿੰਨਤਾਂ ਤਰਲਿਆਂ ਨਾਲ ਮਿਲਦੀ ਰੋਟੀ ਲਈ 'ਆਪਣਿਆਂ' ਦੇ ਰਹਿਮ 'ਤੇ ਹੈ ਜਿਹਨਾਂ ਲਈ ਕਦੇ ਉਹ ਰੋਟੀ ਦਾ ਸਬੱਬ ਬਣਿਆ ਸੀ। ਹੁਣ ਅਛੂਤ ਬਣ ਗਿਆ ਹੈ ਉਹਨਾਂ ਲਈ ਜਿਹਨਾਂ ਨਾਲ ਖੂਨ ਦੇ ਰਿਸ਼ਤੇ ਸਨ ਅਤੇ ਸ਼ਰਾਬ ਤੇ ਕਬਾਬ ਦੀ ਸਾਂਝ ਵੀ ਹੁੰਦੀ ਸੀ।

ਚੌਥਾ; ਪੰਜਾਬੀ ਅਦਬ ਨੂੰ ਪਿਆਰ ਕਰਨ ਵਾਲਾ ਅਤੇ ਇਸਦੀ ਪ੍ਰਫੁਲੱਤਾ ਨੂੰ ਜੀਵਨ-ਅਕੀਦਾ ਮੰਨਣ ਵਾਲਾ ਪ੍ਰਦੇਸ ਵਿਚ ਰਹਿੰਦਾ ਅਦੀਬ ਆਪਣੇ ਨਜਦੀਕੀ ਰਿਸ਼ਤੇਦਾਰ ਨੂੰ ਮਿਲਣ ਵਾਸਤੇ ਉਸਦੇ ਪਿੰਡ ਜਾਂਦਾ ਏ। ਮਿਲ ਕੇ ਖੁਸ਼ ਹੋਣ ਅਤੇ ਅਪਣੱਤ ਨਾਲ ਨਿਵਾਜਣ ਵਾਲਿਆਂ ਦਾ ਰੁੱਖਾ ਵਰਤਾਅ, ਬੇਰੁੱਖੀ ਅਤੇ ਘ੍ਰਿਣਤ ਵਤੀਰਾ ਦੇਖ ਕੇ ਉਹ ਅਦਬੀ ਸਖ਼ਸ਼ ਡਹਿਲ ਜਾਂਦਾ ਏ। ਇਸ ਸ਼ਰਮਨਾਕ ਤਬਦੀਲੀ ਕਾਰਨ ਅੰਦਰੋਂ ਛਿੱਲਿਆ ਤੇ ਹਿਲਿਆ, ਆਪਣੇ ਘਰ ਪਰਤਦਾ ਹੈ। ਉਸਦੇ ਵਿਚਾਰ ਵਿਯੋਗੇ ਗਏ ਕਿ ਇਹ ਕਿਵੇਂ ਅਤੇ ਕਿਉਂ ਹੋਇਆ?

ਹੋਰ ਵੀ ਬਹੁਤ ਸਾਰੇ ਦ੍ਰਿਸ਼ਟਾਂਤ ਸੋਚਾਂ ਵਿਚ ਤਰਦੇ ਨੇ ਜਿਹਨਾਂ ਕਾਰਨ ਮਨ ਬਹੁਤ ਉਚਾਟ ਏ। ਇਹ ਕੇਹਾ ਘਿਨੌਣਾ ਸੱਚ ਉਜਗਾਰ ਹੋਇਆ ਏ ਕਿ ਹੁਣ ਪ੍ਰਦੇਸੀ ਇਸ ਸੱਚ ਦਾ ਸਾਹਮਣਾ ਕਰਨ ਤੋਂ ਖ਼ੌਫ ਖਾਂਦੇ ਨੇ। ਅਜੇਹਾ ਸੱਚ ਜਿਸਨੇ ਪੰਜਾਬੀਆਂ ਦੀ ਭਾਈਚਾਰਕ ਸਾਂਝ, ਰਿਸ਼ਤੇਦਾਰੀਆਂ, ਸਬੰਧਾਂ, ਸੱਜਣਾਂ, ਸੱਕਿਆਂ ਅਤੇ ਸਾਂਝਾਂ 'ਤੇ ਵੱਡਾ ਪ੍ਰਸ਼ਨ ਚਿੰਨ ਲਾ ਦਿਤਾ ਏ। ਇਹ ਕਿਉਂ, ਕਿੰਝ ਅਤੇ ਕਿਸਨੇ ਕੀਤਾ? ਕੀ ਇਹ ਸਭ ਕੁਝ ਪੰਜਾਬ ਅਤੇ ਪੰਜਾਬੀਅਤ ਦੇ ਹਿੱਤ ਵਿਚ ਸੀ? ਇਸ ਵਰਤਾਰੇ ਨਾਲ ਪ੍ਰਦੇਸੀਆਂ ਦੇ ਮਨਾਂ'ਤੇ ਕਿੰਨੇ ਡੂੰਘੇ ਜ਼ਖਮ ਹੋਏ? ਉਹਨਾਂ ਦੇ ਦਿਲਾਂ ਵਿਚ ਆਪਣੇ ਪੰਜਾਬ ਪ੍ਰਤੀ ਕਿਸ ਤਰਾਂ ਦੀ ਬੇਰੱਸੀ ਤੇ ਬੇਗਾਨਗੀ ਪੈਦਾ ਹੋਈ, ਇਸ ਬਾਰੇ ਕਿਸੇ ਨੂੰ ਖ਼ਿਆਲ ਹੈ? ਕੀ ਕਿਸੇ ਸਮਾਜਿਕ ਅਦਾਰੇ, ਸਰਕਾਰੀ ਤੰਤਰ ਜਾਂ ਸਵੈ-ਸੇਵੀ ਸੰਸਥਾਵਾਂ ਨੇ ਇਸ ਘਟਨਾਕ੍ਰਮ ਪ੍ਰਤੀ ਸੰਵੇਦਨਾ ਪ੍ਰਗਟਾਈ ਏ? ਕੀ ਇਸਨੂੰ ਮੁਖ਼ਾਤਬ ਹੋਣ ਦੀ ਕਿਸੇ ਵਿਚ ਜ਼ੁਰਅਤ ਹੈ? ਕੀ ਇਸਨੂੰ ਰਾਜਨੀਤਕ ਤੌਰ 'ਤੇ ਜਾਣ ਬੁੱਝ ਕੇ ਸ਼ੋਸ਼ਲ ਮੀਡੀਆ ਰਾਹੀਂ ਫੈਲਣ ਦਿਤਾ ਗਿਆ ਤਾਂ ਕਿ ਪ੍ਰਦੇਸੀਆਂ ਨੂੰ ਪੰਜਾਬ ਪ੍ਰਤੀ ਉਚਾਟ ਕੀਤਾ ਜਾਵੇ? ਕੀ ਇਹ ਵਰਤਾਰਾ ਪੰਜਾਬੀਆਂ ਦੀ ਨਵੀਂ ਆਦਤ ਏ ਜਾਂ ਪੰਜਾਬੀ ਕਿਸੇ ਗਿਣੀ-ਮਿੱਥੀ ਸਾਜਸ਼ ਦਾ ਸ਼ਿਕਾਰ ਹੋ ਗਏ ਨੇ? ਇਸ ਨਾਲ ਕਿਹੜੇ ਸਰੋਕਾਰਾਂ ਅਤੇ ਮੰਤਵਾਂ ਦੀ ਪੂਰਤੀ ਕੀਤੀ ਗਈ? ਬਹੁਤਸਾਰੀਆਂ ਗਲਤ ਧਾਰਨਾਵਾਂ ਪ੍ਰਦੇਸੀਆਂ ਦੇ ਮਨਾਂ ਵਿਚ ਪੈਦਾ ਹੋ ਰਹੀਆਂ ਨੇ ਜਿਹਨਾਂ ਦਾ ਜਵਾਬ ਪੰਜਾਬ ਵਿਚ ਵੱਸਦੇ ਪੰਜਾਬੀਆਂ ਨੂੰ ਹੀ ਦੇਣਾ ਪੈਣਾ।

ਪ੍ਰਦੇਸੀਆਂ ਪ੍ਰਤੀ ਇਸ ਬੇਰੁੱਖੀ ਦੀ ਰਹਿਤਲ ਵਿਚ ਬਹੁਤ ਕੁਝ ਪਿਆ ਏ ਜਿਸਦਾ ਖ਼ਮਿਆਜ਼ਾ ਪੰਜਾਬ ਨੂੰ ਆਉਣ ਵਾਲੇ ਸਮੇਂ ਵਿਚ ਭੁੱਗਤਣਾ ਪੈ ਸਕਦਾ। ਬਹੁਤ ਸਾਰੇ ਪੱਖ ਨੇ ਜਿਹਨਾਂ ਨੂੰ ਵਿਚਾਰਨ ਅਤੇ ਇਹਨਾਂ ਵਿਚੋਂ ਕੁਝ ਸੁਚਾਰੂ, ਸੰਵੇਦਨਾਭਰਪੂਰ ਤੇ ਸਾਰਥਿਕ ਕਰਨ ਦੀ ਅਤਿਅੰਤ ਲੋੜ ਹੈ ਤਾਂ ਕਿ ਪ੍ਰਦੇਸੀਆਂ ਦੇ ਮਨਾਂ ਦੇ ਤੌਖ਼ਲਿਆਂ ਨੂੰ ਦੂਰ ਕੀਤਾ ਜਾ ਸਕੇ।

ਅਜੋਕੀ ਤਰਾਸਦੀ ਨੇ ਇਹ ਦਰਸਾ ਦਿਤਾ ਕਿ ਪੰਜਾਬੀਆਂ ਦੀ ਭਾਈਚਾਰਕ ਸਾਂਝ ਕਿੰਨੀ ਹੀਣੀ, ਸਵਾਰਥੀ ਅਤੇ ਕੰਮਜੋਰ ਹੈ ਕਿ ਉਹ ਨਿੱਜੀ ਮੁਫ਼ਾਦ ਖਾਤਰ ਇਸਨੂੰ ਤੋੜਨ ਲੱਗਿਆਂ ਦੇਰ ਨਹੀਂ ਲਾਉਂਦੇ। ਇਹ ਸਾਂਝ ਪਹਿਲਾਂ ਆਪਣਿਆਂ ਨੇ ਤੋੜੀ, ਫਿਰ ਸਮਾਜ ਨੇ ਅਤੇ ਆਖਰ ਨੂੰ ਸਰਕਾਰ ਨੇ। ਕਿਸੇ ਨੇ ਇਸਨੂੰ ਜੋੜਨ ਤੇ ਮਜ਼ਬੂਤ ਕਰਨ ਵੰਨੀਂ ਕੋਈ ਕਦਮ ਨਹੀਂ ਉਠਾਇਆ। ਪ੍ਰਦੇਸੀ ਆਪਣੇ ਘਰਾਂ ਨੂੰ ਪਰਤਦੇ ਸਨ, ਜੜ੍ਹਾਂ ਨਾਲ ਜੁੱੜਨ, ਭਾਈਚਾਰਕ ਸਾਂਝ ਨੂੰ ਪ੍ਰਫੁੱਲਤ ਕਰਨ ਅਤੇ ਮਿੱਟੀ ਦੀ ਮਹਿਕ ਨੂੰ ਸਾਹਾਂ ਵਿਚ ਵਸਾਉਣ। ਹਰੇਕ ਪ੍ਰਦੇਸੀ ਦੇ ਮਨ ਵਿਚ ਆਪਣੇ ਪਿੰਡ ਦੇ ਵਿਕਾਸ ਦੀ ਚਾਹਨਾ ਹੁੰਦੀ ਸੀ। ਉਹਨਾਂ ਨੇ ਆਪੋ-ਆਪਣੇ ਪਿੰਡਾਂ ਵਿਚ ਜਿੰਮ ਤੇ ਲਾਇਬਰੇਰੀਆਂ ਬਣਾਈਆਂ, ਖੇਡ ਮੈਦਾਨ ਬਣਾਏ, ਸਕੂਲਾਂ ਨੂੰ ਨਵੀਂ ਦਿੱਖ ਦਿਤੀ, ਸਟਰੀਟ ਲਾਈਟਾਂ ਲਗਵਾਈਆਂ, ਸੀਵਰੇਜ਼ ਸਿਸਟਮ, ਸ਼ਮਸ਼ਾਨ ਘਾਟ, ਮੁਰਦਾਘਰ ਬਣਾਏ, ਹੁਸ਼ਿਆਰ ਤੇ ਗਰੀਬ ਵਿਦਿਆਰਥੀਆਂ ਦੀਆਂ ਫੀਸਾਂ ਤੇ ਵਰਦੀਆਂ ਲਈ ਦਿਲ ਖੋਲ ਕੇ ਦਾਨ ਦਿਤਾ। ਪ੍ਰਦੇਸੀਆਂਨੇ ਪੰਜਾਬ ਦੇ ਪਿੰਡਾਂ ਦੇ ਸੁਧਾਰ ਲਈ ਕਰੋੜਾਂ ਰੁਪਏ ਖਰਚੇ। ਇਹ ਪ੍ਰਦੇਸੀ ਹੀ ਹਨ ਜੋ ਹਰ ਸਾਲ ਪਿੰਡਾਂ ਵਿਚ ਮੈਡੀਕਲ ਕੈਂਪ, ਖੇਡ ਮੇਲੇ, ਗਰੀਬ ਕੁੜੀਆਂ ਦੇ ਵਿਆਹ ਆਦਿ ਸਮਾਜ ਭਲਾਈ ਦੇ ਕਾਰਜ ਆਯੋਜਿੱਤ ਕਰਦੇ ਕਿਉਂਕਿ ਉਹਨਾਂ ਦੇ ਮਨਾਂ ਵਿਚ ਆਪਣੇ ਇਲਾਕੇ ਦੀ ਪ੍ਰਫੁੱਲਤਾ ਦਾ ਚਾਅ ਹੁੰਦਾ ਸੀ। ਅੰਦਾਜ਼ਾ ਲਾਓ ਕਿ ਅਜੇਹੇ ਸਮਾਜ ਭਲਾਈ ਦੇ ਕਾਰਜਾਂ ਵਿਚ ਕਿੰਨਾ ਧਨ ਪ੍ਰਦੇਸੀ ਲਾਉਂਦੇ ਸਨ? ਕੀ ਹੁਣ ਉਹ ਅਜੇਹੇ ਕਰਨ ਵਿਚ ਰੁੱਚੀ ਦਿਖਾਉਣਗੇ, ਸ਼ੱਕ ਹੈ?

ਪ੍ਰਦੇਸੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਅਕਸਰ ਉਹਨਾਂ ਦੇ ਆਪਣੇ ਹੀ ਸਾਂਭਦੇ ਸਨ। ਜ਼ਮੀਨ ਦਾ ਠੇਕਾ ਆਦਿ ਵੀ ਕਦੇ ਕਦਾਈਂ ਹੀ ਲੈਂਦੇ ਸਨ। ਇਸ ਬੇਰੁੱਖੀ ਕਾਰਨ ਪ੍ਰਦੇਸੀਆਪਣੀਆਂ ਜਮੀਨਾਂ-ਜਾਇਦਾਦਾਂ ਬਹੁਤ ਜਲਦੀ ਵੇਚਣਗੇ। ਇਸ ਨਾਲ ਭਾਅ ਹੋਰ ਡਿੱਗਣਗੇ ਅਤੇ ਉਹ ਰੂਹ ਨਾਲ ਬਣਾਇਆ ਸਭ ਕੁਝ ਕੌਡੀਆਂ ਦੇ ਭਾਅ ਵੇਚ ਕੇ ਪੰਜਾਬ ਨਾਲੋਂ ਸਦਾ ਲਈ ਨਾਤਾ ਤੋੜ ਲੈਣਗੇ। ਵੱਡਾ ਆਰਥਿਕ ਨੁਕਸਾਨ ਪ੍ਰਦੇਸੀਆਂ ਨੂੰ ਝੱਲਣਾ ਪਵੇਗਾ। ਜਮੀਨਾਂ ਹੁਣ ਪੰਜਾਬੀਆਂ ਦੇ ਹੱਥੋਂ ਖੁੱਸ ਕੇ ਵੱਡੇ ਜਿਮੀਦਾਰਾਂ ਜਾਂ ਵਪਾਰਕ ਘਰਾਣਿਆਂ ਕੋਲ ਚਲੇ ਜਾਣਗੀਆਂ ਅਤੇ ਪੰਜਾਬੀ, ਮਾਲਕ ਤੋਂ ਮੁਜਾਰੇ ਬਣ ਜਾਣਗੇ। ਕਿੰਨਾ ਘਾਟਾ ਪਵੇਗਾ ਪ੍ਰਦੇਸੀਆਂ ਪ੍ਰਤੀ ਬੇਸਮਝੀ ਨਾਲ ਕੀਤੇ ਦੁਰਵਿਵਹਾਰ ਦਾ? ਹੁਣ ਪ੍ਰਦੇਸੀ ਪਿੰਡਾਂ ਵਿਚ ਕੋਠੀਆਂ ਨਹੀਂ ਪਾਉਣਗੇ ਜਿਸ ਕਾਰਨ ਕਿੰਨੇ ਕਾਮੇ ਵਿਹਲੇ ਹੋ ਜਾਣਗੇ? ਕਿੰਨੇ ਕਰੋੜਾਂ ਰੁਪਇਆ ਪੰਜਾਬ ਵਿਚ ਨਹੀਂ ਖਰਚਿਆ ਜਾਵੇਗਾ? ਅੰਦਾਜ਼ਾ ਲਾਓ। ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਾਲੇ ਹਜਾਰਾਂ ਕਰੋੜ ਰੁਪਏ ਹੁਣ ਪੰਜਾਬ ਵਿਚ ਨਹੀਂ ਆਉਣਗੇ।



ਪ੍ਰਦੇਸੀ ਹਰ ਸਾਲ ਵੱਡੀ ਗਿਣਤੀ ਵਿਚ ਆਪਣੇ ਵਤਨ ਪਰਤਦੇ ਨੇ ਅਤੇ ਉਹ ਖੁੱਲ ਕੇ ਖਰਚ ਕਰਦੇ ਨੇ ਆਪਣਿਆਂ 'ਤੇ, ਆਪਣਿਆਂ ਲਈ ਅਤੇ ਆਪਣਿਆਂ ਦੀ ਬਿਹਤਰੀ ਲਈ। ਜੇ 50 ਹਜਾਰ ਪ੍ਰਦੇਸੀ ਹਰ ਸਾਲ ਪੰਜਾਬ ਵਿਚ ਆਵੇ ਅਤੇ ਹਰੇਕ ਸਿਰਫ਼ 50 ਹਜਾਰ ਹੀ ਖਰਚੇ ਤਾਂ ਇਹ 250 ਕਰੋੜ ਬਣਦੇ ਨੇ। ਇਹ ਰਾਸ਼ੀ ਆਉਣ ਵਾਲੇ ਸਮੇਂ ਵਿਚ ਜਰੂਰ ਘਟੇਗੀ ਕਿਉਂਕਿ ਹੁਣ ਪ੍ਰਦੇਸੀ ਪੰਜਾਬ ਵਿਚ ਪਰਤਣ ਤੋਂ ਡਰਨਗੇ। ਉਹਨਾਂ ਦੇ ਮਨਾਂ ਵਿਚ ਤੌਖ਼ਲਾ ਹੋਵੇਗਾ ਕਿ ਪਤਾ ਨਹੀਂ ਕੀ ਦਾ ਕੀ ਹੋ ਜਾਵੇ? ਕੌਣ ਏ ਇਸਦਾ ਕਸੂਰ ਵਾਰ? ਕੀ ਕੋਈ ਪਿੰਡ ਦਾ ਚੌਧਰੀ ਇਸਦੀ ਜਿੰਮੇਵਾਰੀ ਲਵੇਗਾ?

ਪ੍ਰਦੇਸੀਆਂ ਨੂੰ ਚਾਅ ਹੁੰਦਾ ਸੀ ਕਿ ਉਹ ਆਪਣੇ ਜਵਾਨ ਬੱਚਿਆਂ ਦਾ ਰਿਸ਼ਤਾ ਪੰਜਾਬ ਵਿਚ ਕਰਨ ਤਾਂ ਕਿ ਨਵੀਂ ਪੀਹੜੀ ਆਪਣੀ ਮਿੱਟੀ ਨਾਲ ਜੁੱੜੀ ਰਹੇ। ਪਰ ਹੁਣ ਅਜੇਹਾ ਨਹੀਂ ਹੋਣਾ ਅਤੇ ਪ੍ਰਦੇਸੀ ਪੰਜਾਬ ਵਿਚ ਆਪਣੇ ਬੱਚਿਆਂ ਨੂੰ ਵਿਆਹੁਣ ਤੋਂ ਤੋਬਾ ਕਰਗੇ। ਬਹੁਤ ਸਾਰੇ ਪ੍ਰਦੇਸੀਆਂ ਨੇ ਪ੍ਰਦੇਸਾਂ ਵਿਚ ਵੱਸਦੇ ਬੱਚਿਆਂ ਦੇ ਵਿਆਹ ਪੰਜਾਬ ਵਿਚ ਨਿਰਧਾਰਤ ਕੀਤੇ ਸਨ ਕਿ ਚੱਲੋ! ਵਿਆਹ ਦੇ ਬਹਾਨੇ, ਪ੍ਰਦੇਸ ਵਿਚ ਪ੍ਰਵਾਨ ਚੜੇ ਬੱਚੇ ਪੰਜਾਬ ਜਾ ਆਉਣਗੇ। ਉਹਨਾਂ ਹੁਣ ਪੰਜਾਬ ਵਿਚਲੇ ਵਿਆਹ ਕੈਂਸਲ ਕਰਕੇ ਵਿਦੇਸ਼ ਵਿਚ ਹੀ ਵਿਆਹ ਕਾਰਜ ਸੰਪੂਰਨ ਕਰਨ ਦਾ ਮਨ ਬਣਾ ਲਿਆ ਏ। ਇਕ ਵਿਆਹ 'ਤੇ ਲੱਖਾਂ ਰੁਪਏ ਖਰਚ ਕਰਨ ਵਾਲੇ ਪ੍ਰਦੇਸੀਆਂ ਦੀ ਬੇਰੁੱਖੀ ਦਾ ਘਾਟਾ ਮੈਰਿਜ ਪੈਲੇਸਾਂ ਅਤੇ ਵਿਆਹ ਨਾਲ ਜੁੜੇ ਵੱਖ-ਵੱਖ ਆਮ ਵਿਅਕਤੀਆਂ ਨੂੰ ਜ਼ਰਨਾ ਪਵੇਗਾ। ਜੇ ਅਸੀਂ ਹਰ ਸਾਲ ਪ੍ਰਦੇਸੀਆਂ ਦੇ 1000 ਵਿਆਹ ਮੰਨ ਲਈਏ ਅਤੇ ਇਕ ਵਿਆਹ ਦਾ ਖਰਚਾ 50 ਲੱਖ ਹੋਵੇ ਤਾਂ 500 ਕਰੋੜ ਰੁਪਇਆ ਹੁਣ ਪੰਜਾਬ ਵਿਚ ਖਰਚ ਨਹੀਂ ਹੋਵੇਗਾ? ਵਿਆਹ ਕਰਵਾ ਕੇ ਪ੍ਰਦੇਸ ਵਿਚ ਵੱਸਣ ਵਾਲੇ ਪੰਜਾਬੀ ਬੱਚਿਆਂ ਦੇ ਟੁੱਟੇ ਹੋਏ ਸੁਪਨਿਆਂ ਦੀ ਪੀੜਾ ਲਈ ਉਹਨਾਂ ਦੇ ਹੀ ਮਾਪੇ ਜਿੰਮੇਵਾਰ ਹੋਣਗੇ।

ਮਨ ਬਹੁਤ ਪੀੜਤ ਏ ਕਿ ਪ੍ਰਦੇਸੀਆਂ ਦੇ ਸਿਰ 'ਤੇ ਦੌਲਤ-ਸ਼ੁਹਰਤ ਕਮਾਉਣ ਵਾਲੇ ਪੰਜਾਬੀ ਗਾਇਕਾਂ ਦੀ ਕੇਹੀ ਮਾਨਸਿਕਤਾ ਬਣ ਗਈ ਕਿ ਜਦ ਇਕ ਗਾਇਕ (ਜਿਸ 'ਤੇ ਪੰਜਾਬ ਦੀ ਪੁਲੀਸ ਵਲੋਂ ਐਫਆਈਆਰ ਵੀ ਦਰਜ ਹੈ ਅਤੇ ਗੈਰ-ਜਮਾਨਤੀ ਵਰੰਟ ਵੀ ਹਨ) ਵਲੋਂ ਪ੍ਰਦੇਸੀਆਂ ਪ੍ਰਤੀ ਘ੍ਰਿਣਾ ਪੈਦਾ ਕਰਦਾ ਗੀਤ ਗਾਇਆ ਗਿਆ ਤਾਂ ਬਾਕੀ ਗਾਇਕ (ਕੁਝ ਇਕ ਨੂੰ ਛੱਡ ਕੇ, ਜਿਹੜੇ ਆਪਣੀ ਬੇਬਾਕੀ ਅਤੇ ਸੱਚ ਕਹਿਣ ਲਈ ਜਾਣੇ ਜਾਂਦੇ ਨੇ) ਖਾਮੋਸ਼ ਹੀ ਰਹੇ। ਇਸਦੀ ਤਹਿ ਵਿਚ ਕੀ ਸੀ, ਸੋਚਣ ਅਤੇ ਸਮਝਣ ਦੀ ਲੋੜ ਹੈ? ਉਹਨਾਂ ਗਾਇਕਾਂ ਨੂੰ ਸ਼ਾਇਦ ਯਾਦ ਹੀ ਨਹੀਂ ਰਿਹਾ ਕਿ ਉਹਨਾਂ ਦੇ ਅਖਾੜਿਆਂ/ਮੇਲਿਆਂ ਦੇ ਸਭ ਤੋਂ ਵੱਡਾ ਸਪਾਂਸਰ ਪ੍ਰਦੇਸੀਆਂ ਹੀ ਹਨ। ਕੀ ਹੁਣ ਉਹ ਅਜੇਹੇ ਦੋਗਲੇ ਗਾਇਕਾਂ ਨੂੰ ਮੂੰਹ ਨਹੀਂ ਲਾਉਣਗੇ? ਉਹ ਕਿਹੜਾ ਮੂੰਹ ਲੈ ਕੇ ਵਿਦੇਸ਼ਾਂ ਵਿਚ ਪ੍ਰੋਗਰਾਮ ਕਰਨ ਆਉਣਗੇ? ਅਫਸੋਸ ਤਾਂ ਇਸ-ਗੱਲ ਦਾ ਹੈ ਕਿ ਬਹੁਤ ਸਾਰੇ ਗਾਇਕ ਖੁਦ ਪ੍ਰਦੇਸੀ ਹਨ ਪਰ ਉਹਨਾਂ ਨੇ ਵੀ ਮੂੰਹਾਂ ਵਿਚ ਘੁੰਗਣੀਆਂ ਪਾ ਲਈਆਂ। ਪੰਜਾਬ ਕੰਗਾਲ ਤਾਂ ਹੋ ਹੀ ਰਿਹਾ ਏ ਪਰ ਪ੍ਰਦੇਸੀਆਂ ਪ੍ਰਤੀ ਬੇਰੁੱਖੀ, ਕੰਗਾਲੀ ਦੀ ਰਫ਼ਤਾਰ ਨੂੰ ਹੋਰ ਤੇਜ ਕਰੇਗੀ। ਪ੍ਰਦੇਸੀ ਤਾਂ ਪਹਿਲਾਂ ਹੀ ਪੰਜਾਬ ਵਿਚ ਧਨ ਲਗਾਉਣ ਜਾਂ ਬਿਜਨਿਸ ਸਥਾਪਤ ਪ੍ਰਤੀ ਕਰਨ ਨਿਰ-ਉਤਸ਼ਾਹਤ ਸਨ। ਇਸ ਸੰਭਾਵਨਾ ਨੂੰ ਖਤਮ ਕਰਨ ਦਾ ਸਾਧਨ ਬਣ ਗਿਆ ਏ ਸਰਕਾਰ ਤੇ ਸਮਾਜ ਦਾ ਅਜੋਕਾ ਗੈਰ-ਜਿੰਮੇਵਾਰਨਾ ਵਤੀਰਾ ਅਤੇ ਅਵੇਸਲਾਪਣ।

ਪ੍ਰਦੇਸੀਆਂ ਦਾ ਉਹਨਾਂ ਪੰਜਾਬੀਆਂ ਨੂੰ ਵੀ ਇਕ ਪ੍ਰਸ਼ਨ ਹੈ ਜਿਹੜੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜਣ ਲਈ ਹੁਣ ਹਰ ਹੀਲਾ ਵਰਤ ਰਹੇ ਨੇ। ਕੀ ਉਹ ਆਪਣੇ ਵਿਦੇਸ਼ ਜਾਣ ਵਾਲੇ ਬੱਚਿਆਂ ਨਾਲ ਵੀ ਉਹੀ ਵਰਤਾਅ ਕਰਨਗੇ ਜਦ ਉਹ ਪ੍ਰਦੇਸ ਤੋਂ ਪਰਤਣਗੇਜਿਹੜਾ ਉਹਨਾਂ ਨੇ ਪ੍ਰਦੇਸੀਆਂ ਨਾਲ ਕੀਤਾ ਏ? ਕੀ ਉਹ ਇਹ ਜ਼ਰ ਸਕਣਗੇ ਕਿ ਉਹਨਾਂ ਦੀਆਂ ਆਂਦਰਾਂ ਨੂੰ ਬੇਗਾਨਗੀ ਅਤੇ ਬੇਗੈਰਤਾ ਕਾਰਨ ਮਾਨਸਿਕ ਪੀੜਾ ਵਿਚੋਂ ਗੁਜਰਨਾ ਪਵੇ? ਕੀ ਉਹਨਾਂ ਨੇ ਖੁਦ ਨੂੰ ਅਜੇਹੀ ਸਥਿੱਤੀ ਵਿਚ ਮਹਿਸੂਸ ਕਰਕੇ, ਕਦੇ ਅਹਿਸਾਸ ਕੀਤਾ ਏ ਕਿ ਉਹਨਾਂ ਨੇ ਆਪਣਿਆਂ ਨਾਲ ਕੀ ਦਾ ਕੀ ਕਰ ਦਿਤਾ? ਕੀ ਉਹਨਾਂ ਦੇ ਮਨ ਵਿਚ ਆਪਣੇ ਕੀਤੇ ਦਾ ਅਫਸੋਸ ਏ? ਕੀ ਉਹਨਾਂ ਨੇ ਆਪਣੇ ਮਨ ਕੋਲੋਂ ਇਸਦੀ ਮੁਆਫ਼ੀ ਮੰਗੀ ਏ? ਕੀ ਉਹ ਇਸ ਵਤੀਰੇ ਤੋਂ ਬਾਅਦ ਆਪਣੇ ਭਰਾਵਾਂ, ਭਤੀਜਿਆਂ, ਭਾਣਜਿਆਂ ਜਾਂ ਭਾਈਬੰਦਾਂ ਨੂੰ ਗਲਵਕੜੀ ਵਿਚ ਲੈ ਕੇ ਮੋਹ ਦਾ ਨਿਉਂਦਾ ਪਾ ਸਕਣਗੇ? ਕੀ ਉਹਨਾਂ ਦੇ ਮਨ ਵਿਚ ਕੀਤੀ ਗਈ ਕੁਤਾਹੀ ਪ੍ਰਤੀ ਗੁਨਾਹ ਦਾ ਅਹਿਸਾਸ ਹੋਇਆ ਏ? ਕੀ ਉਹ ਕੁਝ ਅਜੇਹਾ ਕਰਨਗੇ ਕਿ ਪ੍ਰਦੇਸੀਆਂ ਦੇ ਮਨਾਂ ਵਿਚ ਪਿੰਡਾਂ ਨੂੰ ਪਹਿਲਾਂ ਵਾਂਗ ਪਰਤਣ, ਆਪਣਿਆਂ ਨਾਲ ਕੁਝ ਸਮਾਂ ਗੁਜਾਰਨ ਅਤੇ ਫਿਰ ਵਾਪਸ ਮਿਲਣ ਦਾ ਵਾਅਦਾ ਕਰਕੇ, ਆਉਣ-ਜਾਣ ਬਣੇ ਰਹਿਣ ਦੀ ਰੀਤ ਨੂੰ ਬਰਕਰਾਰ ਰੱਖਿਆ ਜਾਵੇ?

ਪੰਜਾਬੀ ਪ੍ਰਦੇਸੀ ਹੁਣ ਛੁੱਟੀਆਂ ਮਨਾਉਣ, ਘੁੰਮਣ-ਫਿਰਨ, ਭਾਈਚਾਰਕ ਤੰਦਾਂ ਨੂੰ ਮਜ਼ਬੂਤ ਕਰਨ ਜਾਂ ਆਪਣੀ ਮਿੱਟੀ ਨੂੰ ਸਿੱਜਦਾ ਕਰਨ ਪੰਜਾਬ ਨਹੀਂ ਆਉਣਗੇ। ਸਗੋਂ ਹੁਣ ਯੂਰਪੀਅਨ ਆਦਿ ਦੇਸ਼ਾਂ ਨੂੰ ਜਾਣਗੇ। ਦੂਸਰੇ ਦੇਸ਼ਾਂ ਨੂੰ ਹੋਣ ਵਾਲੀ ਕਮਾਈ, ਪੰਜਾਬ ਲਈਨਿਰੋਲ ਘਾਟਾ ਹੋਵੇਗਾ। ਪ੍ਰਦੇਸੀ ਪੰਜਾਬ ਆ ਕੇ ਹਮੇਸ਼ਾਕੁਝ ਦਿੰਦੇ ਨੇ, ਯੋਗਦਾਨ ਪਾਉਂਦੇ ਨੇ ਅਤੇ ਇਸਦੇ ਇਵਜ਼ ਵਿਚ ਸਿਰਫ਼ ਮੁਹੱਬਤ ਚਾਹੁੰਦੇ ਨੇ। ਜਦ ਲੈਣ ਵਾਲੇ ਹੀ ਮੋਹ-ਮੁਹੱਬਤ ਦੇਣ ਤੋਂ ਹੀ ਮੁੱਨਕਰ ਹੋ ਜਾਣ ਤਾਂ ਉਹ ਪੰਜਾਬ ਵੱਲ ਮੂੰਹ ਕਿੰਝ ਕਰਨਗੇ?

ਪੰਜਾਬੀ ਪ੍ਰਦੇਸੀ ਜਦ ਆਪਣੇ ਵਤਨ ਨਾ ਪਰਤੇ ਤਾਂ ਪੰਜਾਬ ਵਿਚਲੇ ਖਾਲੀਪਣ ਨੂੰ ਵੱਖ-ਵੱਖ ਪਰਾਂਤਾਂ ਤੋਂ ਆਏ ਲੋਕ ਭਰਨਗੇ ਜਿਸ ਨਾਲ ਪੰਜਾਬ ਦੀ ਸਮਾਜਿਕ ਦਿੱਖ ਬਦਲ ਜਾਵੇਗੀ। ਪੰਜਾਬੀਅਤ ਤਬਦੀਲ ਹੋਜਾਵੇਗੀ। ਪੰਜਾਬ ਦੀਸਮਾਜਿਕ ਦਿੱਖ ਵਿਚਲੇ ਵਿਗਾੜ ਅਤੇ ਤਾਣੇ-ਬਾਣੇ ਵਿਚ ਹੋਈ ਟੁੱਟਭੱਜ ਦਾ ਹਰਜ਼ਾਨਾ ਤਾਂ ਫਿਰ ਉਹਨਾਂ ਪੰਜਾਬੀਆਂ ਨੂੰ ਹੀ ਭੁੱਗਤਣਾ ਪੈਣਾ ਜਿਹਨਾਂ ਨੇ ਪ੍ਰਦੇਸੀਆਂ ਦੇ ਮਨਾਂ ਵਿਚ ਬੇਗਾਨਗੀ ਬੀਜੀ। ਆਪਣਿਆਂ ਵਿਚੋਂ ਅਪਣੱਤ ਮੁੱਕ ਜਾਵੇ ਤਾਂ ਸਿਰਫ਼ ਬੇਰੁੱਖੀ ਹੀ ਰਹਿੰਦੀ ਏ ਜਿਹੜੀ ਪੰਜਾਬੀਆਂ ਨੇ ਪ੍ਰਦੇਸੀਆਂ ਦੇ ਪੱਲੇ ਪਾਈ ਏ।

ਪ੍ਰਦੇਸੀਆਂ ਪ੍ਰਤੀ ਬੇਰੁੱਖੀ ਨਾਲ ਪੰਜਾਬ ਅਤੇ ਪੰਜਾਬੀਆਂ ਨੂੰ ਵੱਡੇ ਆਰਥਿਕ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ। ਪਰ ਸਭ ਤੋਂ ਅਹਿਮ ਅਤੇ ਖ਼ਤਰਨਾਕ ਹੈ ਭਾਈਚਾਰਕ ਸਾਂਝ ਦਾ ਤਿੱੜਕਣਾ, ਸਮਾਜਿਕ ਦਿੱਖ ਦਾ ਧੁੰਧਲਕਾ ਅਤੇ ਮਰਨਹਾਰੀ ਮਾਨਸਿਕਤਾ ਜਿਸਦੀ ਪੂਰਤੀ ਕਦੇ ਵੀ ਨਹੀਂ ਹੋਣੀ। ਮਨਾਂ ਵਿਚਲੀਆਂ ਤਰੇੜਾਂ ਦਾ ਦਰਦ, ਇਕ ਰਿੱਸਦਾ ਫੋੜਾ ਹੁੰਦਾ ਜੋ ਪਲ ਪਲ ਬੀਤੇ ਦੀ ਯਾਦ ਦਿਵਾਉਂਦਾ, ਸਾਹਾਂ ਨੂੰ ਸੰਤਾਪਦਾ ਰਹਿੰਦਾ। ਪ੍ਰਦੇਸੀਆਂ ਨੇ ਇਕ ਸੰਤਾਪ ਤਾਂ ਪ੍ਰਵਾਸਕਰਨ ਲੱਗਿਆਂ ਹੰਢਾਇਆ ਸੀ ਪਰ ਹੁਣ ਆਪਣਿਆਂ ਦੀ ਬੇਰੁੱਖੀ ਦਾ ਸੰਤਾਪ ਤੇ ਸੋਗ, ਸਮਿਆਂ ਨੂੰ ਵੀ ਸੰਤਾਪਣ ਲੱਗ ਪਿਆ ਏ। ਰੱਬ ਮਿਹਰ ਕਰੇ!

ਖੇਦ ਇਸ ਗੱਲ ਦਾ ਵੀ ਹੈ ਕਿ ਪ੍ਰਦੇਸੀਆਂ ਦੀ ਚੀਸ ਪ੍ਰਤੀ ਖਾਮੋਸ਼ ਨੇ ਕਲਮਾਂ, ਗੂੰਗੇ ਨੇ ਗਾਇਕ ਤੇ ਗੀਤਕਾਰ, ਸੁੰਨ-ਸਮਾਧੀ ਵਿਚ ਚਲੇ ਗਏ ਨੇ ਸੰਵੇਦਨਸ਼ੀਲ ਲੋਕ, ਚੁੱਪ ਹੀ ਹੋ ਗਏ ਨੇ ਚਿੰਤਕ, ਵੇਲਾ ਵਹਾ ਚੁੱਕੇ ਨੇ ਵਿਦਵਾਨ ਅਤੇ ਮੂਕ ਦਰਸ਼ਕ ਬਣ ਗਿਆ ਏ ਮੀਡੀਆ। ਕੀ ਕੋਈ ਇਸ ਚੀਸ ਨੂੰ ਉਲਥਾਵੇਗਾ? ਕਿੱਧਰ ਗਈ ਪੰਜਾਬੀਅਤ ਅਤੇ ਪੰਜਾਬ ਪ੍ਰਤੀ ਪ੍ਰਤੀਬੱਧਤਾ? ਵੱਡੇ ਸਵਾਲ ਨੇ ਅਜੋਕੇ ਸਮਾਜ, ਸੰਸਥਾਵਾਂ, ਸਰਕਾਰਅਤੇ ਸੁੱਘੜ ਸੋਚਾਂ ਲਈ।

ਯਾਦ ਰੱਖਣਾ!ਇਹ ਭਾਈਚਾਰਕ ਪਾੜਾ ਆਪਣੇ ਆਪ ਨਹੀਂ ਮਿੱਟਣਾ। ਕੀ ਪੰਜਾਬੀ ਇਸ ਨੂੰ ਮਿਟਾਉਣ ਲਈ ਕੋਈ ਉਦਮ ਕਰਨਗੇ? ਇਹ ਪੰਜਾਬੀਆਂ 'ਤੇ ਨਿਰਭਰ ਕਰਦਾ ਕਿ ਉਹ ਪ੍ਰਦੇਸੀਆਂ ਪ੍ਰਤੀ ਕਿਹੜੀ ਸੋਚ, ਸੁਪਨਾ, ਸਮਝ ਜਾਂ ਸੰਜ਼ੀਦਗੀ ਰੱਖਦੇ ਨੇ?

ਫ਼ੋਨ # 001-216-556-2080

## ਮਿੰਨੀ ਕਹਾਣੀ ਸਵਾਭੀਮਾਨ

-ਹਰੀਸ਼ ਕੁਮਾਰ ਅਮਿਤ

ਗੱਡੀ ਚਲਾਉਂਦੇ ਹੋਏ ਮੇਰਾ ਦਿਮਾਗ ਲਗਾਤਾਰ ਸਾਂ-ਸਾਂ ਕਰ ਰਿਹਾ ਸੀ। ਸਵੇਰ ਤੋਂ ਸਾਹਿਬ ਦੇ ਨਾਲ ਡਿਊਟੀ 'ਤੇ ਸੀ। ਕਦੇ ਇੱਕ ਮੀਟਿੰਗ ਦੇ ਲਈ ਕਿਸੇ ਬਿਲਡਿੰਗ ਵਿੱਚ ਅਤੇ ਕਦੇ ਕਿਸੇ ਹੋਰ ਮੀਟਿੰਗ ਦੇ ਲਈ ਦੂਸਰੀ ਬਿਲਡਿੰਗ ਵਿੱਚ ਆਉਣ-ਜਾਣ ਵਿੱਚ ਪੂਰਾ ਦਿਨ ਬੀਤਿਆ। ਰਾਤ ਦੇ ਨੌਂ ਵੱਜਣ ਵਾਲੇ ਸਨ। ਮੰਤਰੀ ਜੀ ਦੀ ਬੁਲਾਈ ਮੀਟਿੰਗ ਵਿੱਚ ਕਾਫੀ ਸਮਾਂ ਲੱਗ ਜਾਣ ਕਾਰਨ ਸਾਹਿਬ ਘਰ ਵੀ ਨਹੀਂ ਜਾ ਸਕੇ ਸਨ ਅਤੇ ਉਨ੍ਹਾਂ ਨੂੰ ਮੀਟਿੰਗ ਵਾਲੀ ਜਗ੍ਹਾ ਤੋਂ ਸਿੱਧਾ ਏਅਰਪੋਰਟ ਵੱਲ ਆਉਣਾ ਪਿਆ ਸੀ। ਉਨ੍ਹਾਂ ਦਾ ਅਟੈਚੀ ਵੀ ਮੈਂ ਹੀ ਉਨ੍ਹਾਂ ਦੇ ਘਰ ਤੋਂ ਲੈ ਕੇ ਆਇਆ ਸੀ, ਜਦ ਉਹ ਮੰਤਰੀ ਜੀ ਨਾਲ ਚਰਚਾ ਕਰ ਰਹੇ ਸਨ।

ਸਵੇਰ ਤੋਂ 10 ਵਾਰ ਰੁਕਮਣੀ ਦਾ ਫੋਨ ਆ ਚੁੱਕਾ ਸੀ ਕਿ ਘਰ ਆਉਂਦੇ ਸਮੇਂ ਮੈਂ ਸਾਹਿਬ ਤੋਂ ਕੁਝ ਐਡਵਾਂਸ ਲੈ ਕੇ ਆਵਾਂ। ਦਰਅਸਲ ਉਸ ਦੀ ਭੈਣ ਦਾ ਵਿਆਹ ਤੈਅ ਹੋ ਗਿਆ ਸੀ ਅਤੇ ਪੰਜ ਦਿਨਾਂ ਬਾਅਦ ਵਿਆਹ ਹੋਣਾ ਸੀ। ਸ਼ਗਨ ਅਤੇ ਦੂਸਰੇ ਖਰਚਿਆਂ ਲਈ ਦਸ ਹਜ਼ਾਰ ਰੁਪਿਆਂ ਦੀ ਸਖਤ ਲੋੜ ਸੀ। ਏਅਰਪੋਰਟ ਨਜ਼ਦੀਕ ਆਉਂਦਾ ਜਾ ਰਿਹਾ ਸੀ। ਸਾਹਿਬ ਇੱਕ ਹਫਤੇ ਬਾਅਦ ਵਾਪਸ ਆਉਣਗੇ। ਮੈਂ ਸ਼ਸ਼ੋਪੰਜ ਵਿੱਚ ਸੀ ਕਿ ਅੱਜ ਤੱਕ ਕਦੇ ਕਿਸੇ ਅੱਗੇ ਹੱਥ ਨਹੀਂ ਫੈਲਾਇਆ, ਤਾਂ ਕੀ ਅੱਜ ਆਪਣੇ ਅਸੂਲ ਤੋੜ ਦਿਆਂ? ਸੋਚ-ਸੋਚ ਕੇ ਸਿਰ ਘੁੰਮਣ ਲੱਗਾ ਸੀ। ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਕੀ ਕਰਾਂ, ਕੀ ਨਾ ਕਰਾਂ।

ਏਅਰਪੋਰਟ ਸਾਹਮਣੇ ਸੀ। ਥੋੜ੍ਹੀ ਦੇਰ ਵਿੱਚ ਸਾਹਿਬ ਨੇ ਉਤਰ ਕੇ ਚਲੇ ਜਾਣਾ ਸੀ। ਮੈਂ ਸ਼ਸ਼ੋਪੰਜ ਦੇ ਸਮੁੰਦਰ ਵਿੱਚ ਗੋਤੇ ਲਾ ਰਿਹਾ ਸੀ। ਏਅਰਪੋਰਟ ਦੇ ਐਂਟਰੀ ਗੇਟ ਦੇ ਸਾਹਮਣੇ ਮੈਂ ਗੱਡੀ ਰੋਕੀ ਅਤੇ ਬਾਹਰ ਆ ਕੇ ਸਾਹਿਬ ਦੇ ਉਤਰਨ ਲਈ ਗੱਡੀ ਦਾ ਦਰਵਾਜ਼ਾ ਖੋਲ੍ਹ ਦਿੱਤਾ। ਫਿਰ ਡਿੱਕੀ ਵਿੱਚੋਂ ਸਾਹਿਬ ਦਾ ਅਟੈਚੀ ਕੱਢ ਕੇ ਨੇੜੇ ਪਈ ਇੱਕ ਟਰਾਲੀ 'ਤੇ ਰੱਖ ਦਿੱਤਾ। ਸਾਹਿਬ ਏਅਰਪੋਰਟ ਦੇ ਅੰਦਰ ਜਾਣ ਦੇ ਲਈ ਤਿਆਰ ਸਨ।

ਚੱਲਣ ਤੋਂ ਪਹਿਲਾਂ ਉਨ੍ਹਾਂ ਨੇ ਮੇਰੇ ਵੱਲ ਦੇਖਿਆ ਅਤੇ ਪੁੱਛਣ ਲੱਗੇ, ''ਸ਼ਾਮ ਸਿੰਘ, ਕਿਸੇ ਚੀਜ਼ ਦੀ ਜ਼ਰੂਰਤ ਤਾਂ ਨਹੀਂ? ਸਵੇਰ ਤੋਂ ਕੁਝ ਪ੍ਰੇਸ਼ਾਨ ਲੱਗ ਰਹੇ ਹੋ।''

ਸਾਹਿਬ ਦੇ ਨਾਲ ਪਿਛਲੇ ਚਾਰ ਸਾਲਾਂ ਤੋਂ ਡਿਊਟੀ ਕਰ ਰਿਹਾ ਸੀ, ਇਸ ਲਈ ਉਹ ਕਾਫੀ ਹੱਦ ਤੱਕ ਮੈਨੂੰ ਸਮਝਣ ਲੱਗੇ ਸਨ।

ਸਾਹਿਬ ਦੀ ਗੱਲ ਸੁਣ ਕੇ ਇੱਕ ਵਾਰ ਮੇਰੇ ਦਿਲ ਵਿੱਚ ਆਇਆ ਕਿ ਉਨ੍ਹਾਂ ਨਾਲ ਐਡਵਾਂਸ ਦੀ ਗੱਲ ਕਰ ਲਵਾਂ, ਪਰ ਤਦ ਪਤਾ ਨਹੀਂ ਕਿਵੇਂ ਮੇਰੇ ਮੂੰਹ 'ਚੋਂ ਨਿਕਲ ਗਿਆ, ''ਸਭ ਠੀਕ ਹੈ ਸਾਹਿਬ! ਨਮਸਕਾਰ।''

ਉਹ ਏਅਰਪੋਰਟ ਦੇ ਅੰਦਰ ਜਾ ਰਹੇ ਸਨ ਤਾਂ ਮੇਰਾ ਸੱਜਾ ਹੱਥ ਖੱਬੇ ਹੱਥ ਵਿੱਚ ਪਹਿਨੀ ਸੋਨੇ ਦੀ ਪਤਲੀ ਜਿਹੀ ਅੰਗੂਠੀ ਨੂੰ ਸਹਿਲਾਉਣ ਲੱਗਾ। ਬੱਸ ਇਸੇ ਅੰਗੂਠੀ ਨੇ ਪਾਰ ਲਗਾਉਣੀ ਸੀ ਮੇਰੀ ਬੇੜੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**

## ਡੇਰਾ ਸਮਰਥਕ ਮਹਿਲਾ ਨੇ ਸੱਚਾ ਸੌਦਾ ਦੇ ਮੁਖੀ ਵਾਲੀ ਪੌਸ਼ਾਕ ਦੇ ਰਾਜ਼ ਖੋਲ੍ਹੇ

ਸਿਰਸਾ, 15 ਜੁਲਾਈ (ਪੋਸਟ ਬਿਊਰੋ)- ਰਾਜਨੀਤੀ ਅਤੇ ਧਰਮ ਵਿਚ ਹਰ ਕਿਸਮ ਦੇ ਗੁਨਾਹ ਛੁਪਾਉਣ ਲਈ ਸਿਰਸਾ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਨੇ ਧਰਮ ਦੇ ਨਾਮ 'ਤੇ ਆਪਣਾ ਸਾਮਰਾਜ ਬਣਾ ਲਿਆ ਸੀ ਤੇ ਉਹ ਕਿਸੇ ਸਮੇਂ ਵੀ ਸੱਤਾ ਲਈ ਸਿਰਦਰਦੀ ਖੜੀ ਕਰ ਸਕਦਾ ਸੀ। ਇਸੇ ਨੂੰ ਭਾਂਪ ਕੇ ਕੁਝ ਰਾਜਸੀ ਆਗੂਆਂ ਨੇ ਉਸ ਦੇ ਸਾਮਰਾਜ ਦਾ ਲੱਕ ਇਸ ਤਰ੍ਹਾਂ ਤੋੜਿਆ ਕਿ ਉਸ ਨੂੰ ਪੂਰਾ ਅਰਾਮ ਕਰਨ ਲਈ ਜੇਲ੍ਹ ਬਿਠਾ ਦਿੱਤਾ। ਸਿਰਸਾ ਦੇ ਸੱਚਾ ਸੌਦਾ ਡੇਰਾ ਦੇ ਇੱਕ ਵਿੰਗ ਦੀ ਬੁਲਾਰੀ ਬੀਬੀ ਵੀਰਪਾਲ ਕੌਰ ਬਰਗਾੜੀ ਨੇ ਮੀਡੀਆ ਮੁਲਾਕਤ ਵਿੱਚ ਦੱਸਿਆ ਹੈ ਕਿ ਡੇਰੇ ਦੇ ਰਾਜਨੀਤਕ ਵਿੰਗ ਵੱਲੋਂ ਖੁਲ੍ਹੇ ਅਤੇ ਗੁਪਤ ਰੂਪ ਵਿੱਚ ਕਿਨ੍ਹਾਂ ਰਾਜਸੀ ਦਲਾਂ ਦੀ ਕਿਵੇਂ ਮਦਦ ਕੀਤੀ ਜਾਂਦੀ ਰਹੀ ਹੈ ਅਤੇ ਕਿਨ੍ਹਾਂ ਆਗੂਆਂ ਨੇ ਜਾਮੇ ਇੰਸਾਂ ਸਮੇਂ ਗੁਰਮੀਤ ਸਿੰਘ ਨੂੰ ਸੁੰਦਰ ਪੌਸ਼ਾਕਾਂ ਤੇ ਕੀਮਤੀ ਤੋਹਫ਼ੇ ਭੇਟ ਕੀਤੇ ਸਨ। ਡੇਰੇ ਦੇ ਰਾਜਨੀਤਕ ਕੁਨੈਕਸ਼ਨ ਤੋਂ ਮੁੱਕਰ ਰਹੇ ਡੇਰਾ ਸਿਰਸਾ ਦੇ ਕਈ ਆਗੂਆਂ ਦੀ ਬਹੁਤੀ ਪੋਲ ਇਸ ਬੀਬੀ ਵੀਰਪਾਲ ਕੌਰ ਨੇ ਖੋਲ੍ਹ ਦਿੱਤੀ ਹੈ ਅਤੇ ਉਸ ਪੁਸ਼ਾਕ ਦਾ ਸੱਚ ਵੀ ਦੱਸ ਦਿੱਤਾ ਹੈ।
ਜਾਣਕਾਰ ਸੂਤਰਾਂ ਮੁਤਾਬਕ ਹਰਿਆਣਾ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਡੇਰੇ ਦੀ 45 ਮੈਂਬਰੀ ਕਮੇਟੀ ਇੱਕ ਪਾਰਟੀ ਦੇ ਪੱਖ ਵਿੱਚ ਭੁਗਤੀ ਅਤੇ ਬਹੁਤੀਆਂ ਸੀਟਾਂ 'ਤੇ ਡੇਰਾ ਪ੍ਰੇਮੀਆਂ ਨੂੰ ਉਸ ਦੇ ਪੱਖ ਵਿੱਚ ਵੋਟ ਪਾਉਣ ਲਈ ਗੁਪਤ ਸੰਦੇਸ਼ ਭੇਜੇ ਸਨ।
ਡੇਰਾ ਸੱਚਾ ਸੌਦਾ ਦਾ ਪ੍ਰਭਾਵ ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਹਿਮਾਚਲ ਦੇ ਪੰਜ ਰਾਜਾਂ ਉਤੇ ਚੋਖਾ ਹੋਣ ਕਾਰਨ ਇਨ੍ਹਾਂ ਪੰਜ ਰਾਜਾਂ ਵਿੱਚ ਡੇਰੇ ਵੱਲੋਂ ਸਿਆਸੀ ਵਿੰਗ ਬਣਾਏ ਗਏ ਹਨ। ਇਨ੍ਹਾਂ ਪੰਜ ਰਾਜਾਂ ਵਿੱਚ ਡੇਰੇ ਦੇ ਲੱਖਾਂ ਸ਼ਰਧਾਲੂ ਹਨ। ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਡੇਰੇ ਕੋਲ ਅਥਾਹ ਸੰਪਤੀ ਹੈ। ਡੇਰੇ ਕੋਲ ਦੇਸ਼ ਵਿੱਚ ਕਰੀਬ 40 ਵੱਡੇ ਆਸ਼ਰਮ ਅਤੇ 1000 ਤੋਂ ਵੱਧ ਨਾਮ ਚਰਚਾ ਘਰ ਹਨ, ਭਾਵ ਡੇਰੇ ਦੀ ਅਪਣੀ ਇੱਕ ਦੁਨੀਆਂ ਹੈ। ਵੀਰਪਾਲ ਕੌਰ ਨੇ ਸਾਫ਼ ਕਿਹਾ ਕਿ ਇੰਨੇ ਵੱਡੇ ਡੇਰੇ ਦੇ ਸਾਮਰਾਜ ਦੀ ਕਮਾਨ ਆਪਣੇ ਹੱਥ ਲੈਣ ਲਈ ਹਨੀਪ੍ਰੀਤ ਤੇ ਡੇਰੇ ਦੇ ਰਾਜਨੀਤਕ ਵਿੰਗ ਵਿੱਚ ਰੱਸਾਕਸ਼ੀ ਚੱਲ ਰਹੀ ਹੈ ਅਤੇ ਡੇਰੇ ਵਿੱਚ ਸਭ ਕੁਝ ਠੀਕ ਨਹੀਂ। ਸਾਧਵੀਆਂ ਨਾਲ ਬਲਾਤਕਾਰ ਅਤੇ ਛਤਰਪਤੀ ਕਤਲ ਕੇਸ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ 20 ਸਾਲ ਲਈ ਬੰਦ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਜਿਸ ਰਾਜਨੀਤਕ ਪਾਰਟੀ ਦੇ ਹੱਕ 'ਚ ਉਹ ਡੱਟ ਕੇ ਭੁਗਤਿਆ, ਉਸੇ ਨੇ ਉਸ ਨੂੰ ਰਾਜੇ ਤੋਂ ਰੰਕ ਬਣਾ ਦਿੱਤਾ ਹੈ।

# ਜੇ ਦੰਗਿਆ ਵਿੱਚ ਨੇਤਾਵਾਂ ਦੇ ਭਾਸ਼ਣਾਂ ਦੀ ਭੂਮਿਕਾ ਦੇ ਸਬੂਤ ਮਿਲੇ ਤਾਂ ਉਨ੍ਹਾਂ ਨੂੰ ਵੀ ਨਹੀਂ ਛੱਡਾਂਗੇ: ਦਿੱਲੀ ਪੁਲਸ

ਨਵੀਂ ਦਿੱਲੀ, 15 ਜੁਲਾਈ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਹੈ ਕਿ ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ, ਅਨੁਰਾਗ ਠਾਕੁਰ, ਕਪਿਲ ਮਿਸ਼ਰਾ ਤੇ ਪ੍ਰਵੇਸ਼ ਵਰਮਾ ਵਰਗੇ ਨੇਤਾਵਾਂ ਦੇ ਭਾਸ਼ਣਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਜੇ ਇਹ ਪਾਇਆ ਗਿਆ ਕਿ ਉਤਰ-ਪੂਬਰੀ ਦਿੱਲੀ ਵਿੱਚ ਹੋਏ ਦੰਗਿਆ ਵਿੱਚ ਉਨ੍ਹਾਂ ਨੇ ਭਾਸ਼ਣਾਂ ਦੀ ਕੋਈ ਭੂਮਿਕਾ ਜਾ ਭਾਈਵਾਲੀ ਸੀ ਤਾਂ ਉਨ੍ਹਾਂ 'ਤੇ ਜ਼ਰੂਰ ਕਾਰਵਾਈ ਕੀਤੀ ਜਾਵਗੀ।
ਕੱਲ੍ਹ ਦਿੱਲੀ ਪੁਲਸ ਨੇ ਉਤਰ-ਪੂਰਬੀ ਦਿੱਲੀ ਦੰਗਿਆਂ ਨਾਲ ਸੰਬੰਧਤ ਇੱਕ ਬੈਂਚ ਕੋਲ ਦਾਇਰ ਕੀਤੇ ਐਫੀਡੇਵਿਟ ਵਿੱਚ ਕਿਹਾ ਕਿ ਪੁਲਸ ਅਧਿਕਾਰੀਆਂ ਨੇ ਪੂਰੀ ਚੌਕਸੀ ਦਿਖਾਉਂਦੇ ਹੋਏ ਅਤੇ ਪ੍ਰਭਾਵੀ ਢੰਗ ਨਾਲ ਕਿਸੇ ਡਰ ਜਾ ਪੱਖਪਾਤ ਦੇ ਬਿਨਾਂ ਕਾਰਜ ਕੀਤਾ, ਜਿਸ ਦੇ ਨਤੀਜੇ ਵਜੋਂ ਕੁਝ ਹੀ ਦਿਨਾਂ ਵਿੱਚ ਹਿੰਸਾ 'ਤੇ ਕਾਬੂ ਪਾ ਲਿਆ ਗਿਆ ਸੀ। ਇਸ ਪਿੱਛੋਂ ਬੈਂਚ



ਨੇ ਸੁਣਵਾਈ 21 ਜੁਲਾਈ ਤੱਕ ਲਈ ਮੁਲਤਵੀ ਕਰ ਦਿੱਤੀ ਕਿਉਂਕਿ ਕੁਝ ਪਟੀਸ਼ਨਰਜ਼ ਨੂੰ ਦਿੱਲੀ ਪੁਲਸ ਨੇ ਇਸ ਕੇਸ ਵਿੱਚ ਦਾਇਰ ਐਫੀਡੇਵਿਟ ਦੀ ਕਾਪੀ ਨਹੀਂ ਦਿੱਤੀ ਸੀ ਅਤੇ ਹੋਰਨਾਂ ਨੇ ਇਸ ਕੇਸ ਵਿੱਚ ਆਪਣਾ ਜਵਾਬ ਦੋਬਾਰਾ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਸੀ। ਐਫੀਡੇਵਿਟ ਵਿੱਚ ਦਿੱਲੀ ਪੁਲਸ ਨੇ ਕਿਹਾ ਕਿ ਪਟੀਸ਼ਨਰਜ਼ ਵੱਲੋਂ ਜਾਂਚ 'ਤੇ ਸਵਾਲ ਉਠਾਉਣ ਵਾਲੀ ਇਹ ਅਰਜ਼ੀਆਂ ਅਪਮਾਨਜਨਕ ਅਤੇ ਜਨਹਿਤ ਪਟੀਸ਼ਨਾਂ (ਪੀ ਆਈ ਐਲ) ਦੀ ਦੁਰਵਰਤੋਂ ਦੇ ਇਲਾਵਾ ਕੁਝ ਵੀ ਨਹੀਂ ਹਨ। ਪੁਲਸ ਨੇ ਆਪਣੇ ਐਫੀਡੇਵਿਟ ਵਿੱਚ ਕਿਹਾ ਕਿ ਵਰਤਮਾਨ ਅਰਜ਼ੀ ਵਿੱਚ ਪਟੀਸ਼ਨਰ ਇਸ ਅਦਾਲਤ ਵਿੱਚ ਸਾਫ਼ ਮਨ ਨਾਲ ਨਹੀਂ ਆਇਆ। ਉਨ੍ਹਾਂ ਨੇ ਚੋਣਵੇਂ ਭਾਸ਼ਣਾਂ ਅਤੇ ਘਟਨਾਵਾਂ ਨੂੰ ਲਿਆ ਹੈ। ਪੁਲਸ ਵੱਲੋਂ ਕਿਹਾ ਗਿਆ ਕਿ ਹਿੰਸਾ ਦੀਆਂ ਹੋਰ ਘਿਨੌਣੀਆਂ ਘਟਨਾਵਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਪਟੀਸ਼ਨਰ ਵੱਲੋਂ ਖਾਸ ਘਟਨਾਵਾਂ ਬਾਰੇ ਗੁੱਸਾ ਖੁਦ ਪ੍ਰਗਟ ਕਰਦਾ ਹੈ ਕਿ ਵਰਤਮਾਨ ਅਰਜ਼ੀਆਂ ਨਿਰਪੱਖ ਨਹੀਂ ਅਤੇ ਬਣੀ-ਬਣਾਈ ਧਾਰਨਾ ਵਾਲੀਆਂ ਹਨ।

## ਦਾਦੂਵਾਲ ਹਰਿਆਣਾ ਗੁਰਦੁਆਰਾ ਪ੍ਰਬੰਧਕ ਦੇ ਕਾਰਜਕਾਰੀ ਪ੍ਰਧਾਨ ਬਣਾਏ

ਜੀਂਦ, 15 ਜੁਲਾਈ (ਪੋਸਟ ਬਿਊਰੋ)- ਤਕਰੀਬਨ ਛੇ ਸਾਲ ਪਹਿਲਾਂ ਹੋਂਦ ਵਿੱਚ ਆਈ ਹਰਿਆਣਾ ਗੁਰਦ-ਵਾਰਾ ਪ੍ਰਬੰਧਕ ਕਮੇਟੀ ਨੇ ਕੱਲ੍ਹ ਸਿੱਖ ਪ੍ਰਚਾਰਕ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਅਪਣਾ ਕਾਰਜਕਾਰੀ ਪ੍ਰਧਾਨ ਚੁਣ ਲਿਆ। ਇਸ ਕਮੇਟੀ ਦੇ ਪ੍ਰਧਾਨ ਜਗਦੀਪ ਸਿੰਘ ਝੀਂਡਾ ਵੱਲੋਂ ਅਸਤੀਫ਼ਾ ਦੇਣ ਪਿੱਛੋਂ ਸੰਤ ਦਾਦੂਵਾਲ, ਜੋ ਸਰਬੱਤ ਖ਼ਾਲਸਾ ਵੱਲੋਂ ਥਾਪੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਵੀ ਹਨ, ਨੇ ਚਾਰਜ ਸੰਭਾਲ ਕੇ ਕਮੇਟੀ ਦੀ ਕਾਰਜਕਾਰਨੀ ਦੀ ਨਵੇਂ ਸਿਰੇ ਤੋਂ ਚੋਣ ਕਰਾਉਣ ਦੇ ਲਈ ਬਾਕਾਇਦਾ ਐਲਾਨ ਕਰ ਦਿੱਤਾ ਹੈ।
ਇੱਕ ਅਖਬਾਰ ਨਾਲ ਗੱਲਬਾਤ ਕਰਦਿਆਂ ਸੰਤ ਦਾਦੂਵਾਲ ਨੇ ਦਸਿਆ ਕਿ 'ਕਮੇਟੀ ਦੇ ਪ੍ਰਬੰਧ ਸੁਚਾਰੂ



ਰੂਪ ਵਿੱਚ ਚਲਾਉਣ ਲਈ ਲੋਕਾਂ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ, ਜਿਸ ਬਾਰੇ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।' ਵਰਨਣ ਯੋਗ ਹੈ ਕਿ ਹਰਿਆਣਾ ਗੁਰ-ਦਵਾਰਾ ਪ੍ਰਬੰਧਕ ਕਮੇਟੀ, ਜਿਸ ਨੂੰ ਪਿਛਲੀ ਕਾਂਗਰਸੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਸਾਲ 2014 ਵਿੱਚ ਵਿਧਾਨ ਸਭਾ ਵਿੱਚ ਬਿੱਲ ਪਾਸ ਕਰ ਕੇ ਕਾਇਮ ਕੀਤਾ ਸੀ, ਅਪਣੀ ਹੋਂਦ ਕਾਇਮ ਰੱਖਣ ਲਈ ਹਾਲੇ ਅਦਾਲਤੀ ਲੜਾਈ ਲੜ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਮੇਟੀ ਦੇ ਗਠਨ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਇਸ ਨੂੰ ਭੰਗ ਕਰਨ ਲਈ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੋਈ ਹੈ। ਸੁਪਰੀਮ ਕੋਰਟ ਨੇ ਇਸ ਕੇਸ ਵਿੱਚ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਹੁਕਮ ਦਿੱਤੇ ਹੋਏ ਹਨ। ਜਥੇਦਾਰ ਦਾਦੂਵਾਲ ਨੇ ਦੱਸਿਆ ਕਿ ਕਮੇਟੀ ਦੀ ਕਾਰਜਕਰਨੀ ਦੀ ਚੋਣ 13 ਅਗਸਤ ਨੂੰ ਕੀਤੀ ਜਾਵੇਗੀ, ਜਿਸ ਲਈ ਸੱਤ ਅਗਸਤ ਤੱਕ ਨਾਮਜ਼ਦਗੀ ਅਤੇ ਨੌਂ ਤੱਕ ਕਾਗ਼ਜ਼ ਵਾਪਸ ਲਏ ਜਾ ਸਕਦੇ ਹਨ।

## ਫੌਜ ਵਿੱਚ ਬੈਨ ਐਪ ਉੱਤੇ ਹਾਈ ਕੋਰਟ ਨੇ ਫੌਜੀ ਅਧਿਕਾਰੀ ਨੂੰ ਕਿਹਾ: ਬੰਦ ਕਰੋ ਜਾਂ ਅਸਤੀਫਾ ਦਿਓ

ਨਵੀਂ ਦਿੱਲੀ, 15 ਜੁਲਾਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ 89 ਐਪਸ 'ਤੇ ਬੈਨ ਲਾਏ ਜਾਣ ਵਿਰੁੱਧ ਅਰਜ਼ੀ ਦਾਇਰ ਕਰ ਕੇ ਫੇਸਬੁਕ ਅਤੇ ਇੰਸਟਾਗ੍ਰਾਮ ਯੂਜ਼ ਕਰਨ ਦੀ ਇਜਾਜ਼ਤ ਮੰਗਣ ਵਾਲੇ ਇੱਕ ਫੌਜੀ ਅਧਿਕਾਰੀ ਉਤੇ ਸਖਤ ਟਿੱਪਣੀ ਕੀਤੀ ਹੈ। ਕੋਰਟ ਨੇ ਕੱਲ੍ਹ ਫੌਜ ਦੇ ਉਚ ਅਧਿਕਾਰੀ ਨੂੰ ਅੰਤ੍ਰਿਮ ਰਾਹਤ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਜਾਂ ਫੌਜ ਦੇ ਹੁਕਮ ਦਾ ਪਾਲਣ ਕਰੋ ਜਾਂ ਅਸਤੀਫਾ ਦੇ ਦਿਓ।
ਇਸ ਫੌਜੀ ਅਧਿਕਾਰੀ ਨੇ ਪਿੱਛੇ ਜਿਹੇ ਫੌਜ ਵੱਲੋਂ ਫੇਸਬੁਕ ਅਤੇ ਇੰਸਟਾਗ੍ਰਾਮ ਵਰਗੇ ਸੋਸ਼ਲ ਨੈਟਵਰਕਿੰਗ ਸਾਈਟ ਦੀ ਵਰਤੋਂ ਉੱਤੇ ਹਥਿਆਰਬੰਦ ਫੌਜ ਲਈ ਪਾਬੰਦੀ ਲਾਏ ਜਾਣ ਨੂੰ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਕਿਹਾ ਕਿ ਉਨ੍ਹਾਂ ਦੇ ਕੋਲ ਬਦਲ ਹੈ ਤੇ ਉਨ੍ਹਾਂ ਨੂੰ ਫੇਸਬੁਕ ਅਕਾਊਂਟ ਬੰਦ ਕਰਨ ਲਈ ਕਿਹਾ ਹੈ। ਫੌਜ ਦੇ ਮੁਲਾਜ਼ਮਾਂ ਲਈ ਸੋਸ਼ਲ ਨੈੱਟਵਰਕਿੰਗ ਪਲੇਟਫਾਰਮ ਦੀ ਵਰਤੋਂ ਉੱਤੇ ਪਾਬੰਦੀ ਦਾ ਫੈਸਲਾ ਦੇਸ਼ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। ਕੋਰਟ ਨੇ ਕਿਹਾ ਕਿ ਉਹ ਬਾਅਦ ਵਿੱਚ ਨਵਾਂ ਸੋਸ਼ਲ ਮੀਡੀਆ ਅਕਾਊਂਟ ਬਣਾ ਸਕਦੇ ਹਨ। ਜਸਟਿਸ ਰਾਜੀਵ ਸਹਾਏ ਐਡਲਾਅ ਅਤੇ ਜਸਟਿਸ ਆਸ਼ਾ ਮੇਨਨ ਦੀ ਬੈਂਚ



ਨੇ ਕਿਹਾ ਕਿ ਅਰਜ਼ੀ ਉੱਤੇ ਵਿਚਾਰ ਕਰਨ ਦਾ ਜਦ ਇੱਕ ਵੀ ਕਾਰਨ ਨਹੀਂ ਤਾਂ ਅੰਤ੍ਰਿਮ ਰਾਹਤ ਦੇਣ ਦਾ ਸਵਾਲ ਹੀ ਨਹੀਂ ਉਠਦਾ। ਅਦਾਲਤ ਨੇ ਕਿਹਾ ਕਿ ਖਾਸ ਕਰ ਕੇ ਜਦ ਮਾਮਲਾ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ ਤਾਂ ਛੋਟ ਨਹੀਂ ਮਿਲ ਸਕਦੀ।
ਲੈਫਟੀਨੈਂਟ ਕਰਨਲ ਪੀ ਕੇ ਚੌਧਰੀ ਨੇ ਕਿਹਾ ਕਿ ਜਦ ਉਹ ਅਕਾਊਂਟ ਬੰਦ ਕਰ ਦੇਣਗੇ ਤਾਂ ਉਨ੍ਹਾਂ ਦੇ ਫੇਸਬੁਕ ਅਕਾਊਂਟ ਵਿਚਲਾ ਸਾਰਾ ਡਾਟਾ ਅਤੇ ਦੋਸਤਾਂ ਨਾਲ ਸੰਪਰਕ ਟੁੱਟ ਜਾਏਗਾ ਜਿਸ ਨੂੰ ਬਹਾਲ ਕਰਨਾ ਮੁਸ਼ਕਲ ਹੋਵ-ੇਗਾ। ਬੈਂਚ ਨੇ ਕਿਹਾ, ਮੁਆਫ ਕਰਨਾ। ਤੁਸੀਂ ਕ੍ਰਿਪਾ ਕਰ ਕੇ ਇਸ ਨੂੰ ਬੰਦ ਕਰ ਦਿਓ। ਤੁਸੀਂ ਕਿਸੇ ਵੇਲੇ ਨਵਾਂ ਅਕਾਊਂਟ ਬਣਾ ਸਕਦੇ ਹੋ। ਇੰਝ ਨਹੀਂ ਹੋਵੇਗਾ। ਤੁਸੀਂ ਇੱਕ ਸੰਗਠਨ ਦਾ ਹਿੱਸਾ ਹੋ। ਤੁਹਾਨੂੰ ਇਸ ਦੇ ਹੁਕਮਾਂ ਨੂੰ ਮੰਨਣਾ ਪਵੇਗਾ। ਫੇਸਬੁਕ ਵੱਧ ਪਸੰਦ ਹੈ ਤਾਂ ਅਸਤੀਫਾ ਦੇ ਦਿਓ। ਦੇਖੋ ਤੁਹ-ਾਡੇ ਕੋਲ ਬਦਲ ਹੈ, ਤੁਸੀਂ ਚਾਹੋ ਜੋ ਕਰੋ। ਤੁਹਾਡੇ ਕੋਲ ਦੂਸਰੇ ਬਦਲ ਵੀ ਹਨ।

## ਸਿੱਖ ਇਤਿਹਾਸ ਬਾਰੇ ਸਿਰਸਾ ਦੇ ਬੋਲਣ-ਲਿਖਣ ਉਤੇ ਰੋਕ ਲਾਉਣ ਦੀ ਮੰਗ ਉੱਠੀ

ਨਵੀਂ ਦਿੱਲੀ, 15 ਜੁਲਾਈ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਵੱਲੋਂ ਬਣਾਈ ਗਈ 'ਜਾਗੋ' ਪਾਰਟੀ ਨੇ ਦਿੱਲੀ ਸਿੱਖ ਗੁਰਦੁਆਰਾ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਪੰਥਕ ਸਟੇਜਾਂ ਤੋਂ ਬੋਲਣ ਅਤੇ ਸਿੱਖ ਇਤਿਹਾਸ ਬਾਰੇ ਲਿਖਣ ਤੋਂ ਰੋਕਣ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ। ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦੋਸ਼ ਲਾਇਆ ਹੈ ਕਿ ਸਿਰਸਾ ਵੱਲੋਂ ਬੋਲਣ ਅਤੇ ਲਿਖਣ ਦੌਰਾਨ ਸਿੱਖ ਇਤਿਹਾਸ ਨਾਲ ਲਗਾਤਾਰ ਖਿਲਵਾੜ ਕੀਤਾ ਜਾ ਰਿਹਾ ਹੈ। ਤਾਜ਼ਾ ਕੇਸ ਵਿੱਚ ਸਿਰਸਾ ਨੇ ਲਿਖੇ ਆਪਣੇ ਇੱਕ ਲੇਖ ਵਿੱਚ ਇਤਿਹਾਸ ਨੂੰ ਤਰੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਚੇਚਕ ਦੇ ਰੋਗ ਦੀ ਇਨਫੈਕਸ਼ਨ ਤੋਂ ਬਾਅਦ ਇਕਾਂਤਵਾਸ ਵਿੱਚ ਭੇਜਣ ਦਾ ਵਿਵਾਦ ਗ੍ਰਸਤ ਬਿਆਨ ਦੇਣ ਵਾਲੇ ਮਨਜਿੰਦਰ ਸਿੰਘ ਸਿਰਸਾ ਆਪਣੇ ਲੇਖ ਵਿੱਚ ਕਹਿੰਦੇ ਹਨ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜੋਤੀ ਜੋਤ ਸਮਾਉਣ ਸਮੇਂ ਸੰਗਤ ਨੂੰ ਕਿਹਾ ਸੀ ਕਿ ਜਦੋਂ ਸਰੀਰ ਕਰ ਕੇ ਮੈਂ ਤੁਹਾਡੇ ਵਿੱਚ ਨਹੀਂ ਰਹਾਂਗਾ ਤਾਂ ਮੇਰੇ ਦਰਸ਼ਨ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੀਤੇ ਜਾ ਸਕਣਗੇ। ਇਸ ਦਾ ਮਤਲਬ ਇਹ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜੋਤੀ ਜੋਤ ਸਮਾਉਣ ਸਮੇਂ ਗੁਰੂ ਗ੍ਰੰਥ ਸਾਹਿਬ ਨੇ ਅਗਲਾ ਗੁਰੂ ਦੱਸ ਦਿੱਤਾ ਸੀ, ਜਦੋਂ ਕਿ ਸੱਚਾਈ ਇਹ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਅਗਲੇ ਗੁਰੂ ਬਾਬਾ ਬਕਾਲਾ ਸਾਹਿਬ ਵਿੱਚ ਹੋਣ ਦਾ ਇਸ਼ਾਰਾ ਕੀਤਾ ਸੀ ਤੇ ਗੁਰੂ ਤੇਗ ਬਹਾਦਰ ਸਾਹਿਬ ਓਦੋਂ ਬਾਬਾ ਬਕਾਲਾ ਸਾਹਿਬ ਵਿਖੇ ਸਨ। ਮਨਜੀਤ ਸਿੰਘ ਜੀ ਕੇ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਸਿਰਸੇ ਦੇ ਖ਼ਿਲਾਫ਼ ਚੁੱਪ ਰਹਿਣ ਦੀ ਥਾਂ ਕਾਰਵਾਈ ਕਰਨ ਦੀ ਅਪੀਲ ਕਰਦੇ ਹੋਏ ਸਿਰਸਾ ਨੂੰ ਸਿੱਖ ਇਤਿਹਾਸ ਵਿੱਚ ਮਿਲਾਵਟ ਦਾ ਦੋਸ਼ੀ ਦੱਸਿਆ ਅਤੇ ਦੋਸ਼ ਲਾਇਆ ਕਿ ਸਿਰਸਾ ਲਗਾਤਾਰ ਸਿੱਖ ਇਤਿਹਾਸ ਨਾਲ ਖੇਡ ਰਿਹਾ ਹੈ।

## ਟਾਵਰ ਉਤੇ ਚੜ੍ਹੇ ਕੁੱਤੇ ਨੂੰ ਬਚਾਉਂਦੇ ਹੋਏ ਚੰਡੀਗੜ੍ਹ ਦੇ ਵਸਨੀਕ ਅਧਿਕਾਰੀ ਦੀ ਡਿੱਗ ਕੇ ਮੌਤ

ਬੁਰਹਾਨਪੁਰ, 15 ਜੁਲਾਈ (ਪੋਸਟ ਬਿਊਰੋ)- ਜ਼ਿਲ੍ਹਾ ਕੇਂਦਰ ਤੋਂ ਲੱਗਭਗ 30 ਕਿਲੋਮੀਟਰ ਦੂਰ ਨੇਪਾਨਗਰ ਵਿੱਚ ਭਾਰਤ ਸਰਕਾਰ ਦੇ ਕਾਗ਼ਜ ਬਣਉਣ ਦੇ ਕਾਰਖ਼ਾਨੇ ਨੇਪਾ ਮਿਲ ਲਿਮਿਟੇਡ ਦੇ ਇੱਕ ਮੁੱਖ ਅਧਿਕਾਰੀ ਦੀ ਮਿਲ ਦੇ ਟਾਵਰ ਉਤੇ ਚੜ੍ਹੇ ਕੁੱਤੇ ਨੂੰ ਬਚਾਉਣ ਦੇ ਯਤਨ ਵਿੱਚ ਉਚਾਈ ਤੋਂ ਡਿੱਗਣ ਪਿੱਛੋਂ ਕੱਲ੍ਹ ਇਲਾਜ ਦੇ ਦੌਰਾਨ ਮੌਤ ਹੋ ਗਈ।
ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਅਧਿਕਾਰੀ ਚੰਡੀਗੜ੍ਹ ਦੇ ਰਹਿਣ ਵਾਲੇ ਸਨ। ਨੇਪਾ ਮਿਲ ਦੇ ਡਾਇਰੈਕਟਰ (ਵਿਤ) ਪ੍ਰਦੀਪ ਨਾਇਕ ਨੇ ਦੱਸਿਆ ਕਿ ਜਨਕ ਖੇਤਰ ਦੀ ਨੇਪਾ ਮਿਲ ਲਿਮਿਟੇਡ ਵਿੱਚ ਕੱਲ੍ਹ ਸ਼ਾਮ ਇਹ ਹਾਦਸਾ ਹੋਇਆ। ਉਨ੍ਹਾਂ ਦੱਸਿਆ ਕਿ ਕੱਲ੍ਹ ਇੱਕ ਕੁੱਤਾ ਮਿਲ ਦੇ ਟਾਵਰ ਉਤੇ ਚੜ੍ਹ ਗਿਆ ਸੀ। ਮਿਲ ਵਿੱਚ ਕੰਮ ਬੰਦ ਹੋਣ ਮਗਰੋਂ 55 ਸਾਲਾ ਸਤਨਾਮ ਸਿੰਘ ਬੱਗਾ ਆਪਣੇ ਸਹਿਯੋਗੀਆਂ ਨਾਲ ਟਾਵਰ ਉਤੇ ਚੜ੍ਹੇ ਕੁੱਤੇ ਨੂੰ ਬਚਾਉਣ ਲਈ ਉਪਰ ਚੜ੍ਹੇ। ਕੁੱਤੇ ਨੂੰ ਥੈਲੇ ਵਿੱਚ ਭਰ ਕੇ ਥੱਲੇ ਉਤਰਨ ਵੇਲੇ ਟੀਨ ਸ਼ੈਡ ਦੀ ਛੱਤ ਦੇ ਕੁਝ ਹਿੱਸੇ ਅਚਾਨਕ ਟੁਟਣ ਨਾਲ ਬੱਗਾ ਕਾਫੀ ਉਚਾਈ ਤੋਂ ਥੱਲੇ ਡਿੱਗ ਕੇ ਗੰਭੀਰ ਜ਼ਖ਼ਮੀ ਹੋ ਗਏ। ਡਾਕਟਰਾਂ ਦੇ ਮੁਤਾਬਿਕ ਉਨ੍ਹਾਂ ਦੀ ਕਈ ਹੱਡੀਆਂ ਟੁੱਟ ਗਈਆਂ। ਕੱਲ੍ਹ ਬੁਰਹਾਨਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਦੇ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਜਿਸ ਕੁੱਤੇ ਨੂੰ ਬਚਾਉਣ ਦੇ ਲਈ ਉਹ ਉਪਰ ਚੜ੍ਹੇ ਸੀ, ਉਹ ਬਚ ਗਿਆ। ਨਾਇਕ ਨੇ ਦੱਸਿਆ ਕਿ ਪਲਾਂਟ ਵਿੱਚ ਬਿਜਲੀ ਵਿਭਾਗ ਵਿੱਚ ਅਧਿਕਾਰੀ ਸਤਨਾਮ ਸਿੰਘ ਬੱਗਾ ਦਾ ਪਰਵਾਰ ਚੰਡੀਗੜ੍ਹ ਵਿੱਚ ਰਹਿੰਦਾ ਹੈ।

## 72 ਘੰਟਿਆਂ ਦੇ ਅੰਦਰ ਮੁੜਨ ਵਾਲੇ ਲੋਕਾਂ ਨੂੰ ਕੁਆਰੰਟਾਈਨ ਨਹੀਂ ਹੋਣਾ ਪਵੇਗਾ

ਚੰਡੀਗੜ੍ਹ, 15 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਆਉਂਦੇ ਸਾਰ 14 ਦਿਨ ਇਕਾਂਤਵਾਸ ਦੀ ਸ਼ਰਤ ਬਾਰੇ ਹੋ ਰਹੀ ਆਲੋਚਨਾ ਅਤੇ ਹਰ ਹਫਤੇ ਫੇਸਬੁਕ ਲਾਈਵ ਵਿੱਚ ਮੁੱਖ ਮੰਤਰੀ ਨੂੰ ਪੁੱਛੇ ਜਾ ਰਹੇ ਸਵਾਲਾਂ ਪਿੱਛੋਂ ਕੱਲ੍ਹ ਪੰਜਾਬ ਸਰਕਾਰ ਨੇ ਫੈਸਲਾ ਲਿਆ ਹੈ ਕਿ 72 ਘੰਟੇ ਤੋਂ ਘੱਟ ਸਮੇਂ ਵਿੱਚ ਪੰਜਾਬ ਮੁੜਨ ਵਾਲਿਆਂ ਨੂੰ ਘਰੇਲੂ ਇਕਾਂਤਵਾਸ ਵਿੱਚ ਨਹੀਂ ਜਾਣਾ ਪਵੇਗਾ, ਉਨ੍ਹਾਂ ਨੂੰ ਸੂਬੇ ਦੀ ਹੱਦ 'ਤੇ ਸਿਰਫ ਰਸਮੀ ਐਲਾਨ-ਪੱਤਰ ਸੌਂਪਣਾ ਪਵੇਗਾ।
ਕਿਸੇ ਵੀ ਦੂਸਰੇ ਰਾਜ ਤੋਂ ਆਉਣ ਵਾਲੇ ਘਰੇਲੂ ਮੁਸਾਫਰਾਂ ਲਈ ਇਸ ਰਾਹਤ ਦਾ ਐਲਾਨ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਕਿਹਾ ਕਿ ਇਹ ਛੋਟ ਪ੍ਰੀਖਿਆਵਾਂ ਦੇਣ ਵਾਲੇ ਵਿਦਿਆਰਥੀਆਂ ਤੇ ਹੋਰ ਕਾਰੋਬਾਰੀ



ਲੋਕਾਂ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਿਹੜੇ ਇਥੇ ਪੁੱਜਣ ਉੱਤੇ 72 ਘੰਟਿਆਂ ਤੋਂ ਘੱਟ ਸਮੇਂ ਲਈ ਠਹਿਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਯਾਤਰੀਆਂ ਨੂੰ 14 ਦਿਨ ਲਈ ਲਾਜ਼ਮੀ ਇਕਾਂਤਵਾਸ ਦੀ ਜ਼ਰੂਰਤ ਤੋਂ ਵੀ ਛੋਟ ਦੇਣ ਦਾ ਫੈਸਲਾ ਕੀਤਾ ਗਿਆ ਹੈ, ਪਰ ਪੰਜਾਬ ਆਉਣ ਵਾਲੇ ਬਾਕੀ ਘਰੇਲੂ ਮੁਸਾਫਰਾਂ ਲਈ ਘਰੇਲੂ ਇਕਾਂਤਵਾਸ ਦੀ ਵਿਵਸਥਾ ਪਹਿਲਾਂ ਦੀ ਤਰ੍ਹਾਂ ਹੀ ਚੱਲਦੀ ਰਹੇਗੀ। ਜਿਨ੍ਹਾਂ ਯਾਤਰੀਆਂ ਨੂੰ ਇਸ ਛੋਟ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਕੋਵਾ ਐਪ ਉਤੇ ਪ੍ਰਕਿਰਿਆ ਪੇਸ਼ ਕੀਤੀ ਗਈ ਹੈ, ਜਿਸ ਨੂੰ ਚੈਕ ਪੋਸਟ ਦੇ ਅਫਸਰ ਇੰਚਾਰਜ ਨੂੰ ਰਸਮੀ ਐਲਾਨਨਾਮਾ ਸੌਂਪਣਾ ਅਤੇ ਆਪਣੇ ਮੋਬਾਈਲ 'ਤੇ ਕੋਵਾ ਐਪ ਡਾਊਨਲੋਡ ਕਰਨੀ ਪਵੇਗੀ। ਇਸ ਐਪ 'ਤੇ ਮੁਸਾਫਰਾਂ ਬਾਰੇ ਸੂਚਨਾ ਦੇਣ ਵਾਲੇ ਹਿੱਸੇ ਵਿੱਚ ਆਪਣੀ ਜਾਣਕਾਰੀ ਦੇਣ ਤੋਂ ਇਲਾਵਾ ਇਨ੍ਹਾਂ ਲੋਕਾਂ ਨੂੰ ਇਹ ਐਲਾਨ ਕਰਨਾ ਪਵੇਗਾ ਕਿ ਪੰਜਾਬ ਵਿੱਚ ਠਹਿਰਨ ਵੇਲੇ ਕੋਵਾ ਐਪ ਸਰਗਰਮ ਰੱਖਿਆ ਜਾਵੇਗਾ। ਇਨ੍ਹਾਂ ਯਾਤਰੀਆਂ ਲਈ ਹੋਰ ਨਿਰਧਾਰਤ ਵਿਧੀ ਮੁਤਾਬਕ ਖੁਦ ਦੱਸਣਾ ਹੋਵੇਗਾ ਕਿ ਉਹ ਕਿਸੇ ਕੰਟੇਨਮੈਂਟ ਜ਼ੋਨ ਤੋਂ ਤਾਂ ਨਹੀਂ ਆ ਰਹੇ ਅਤੇ ਪੰਜਾਬ ਵਿੱਚ ਪੁੱਜਣ ਦੇ ਸਮੇਂ ਤੋਂ ਲੈ ਕੇ ਉਹ ਪੰਜਾਬ ਵਿੱਚ 72 ਘੰਟਿਆਂ ਤੋਂ ਵੱਧ ਸਮੇਂ ਲਈ ਨਹੀਂ ਠਹਿਰਨਗੇ। ਇਸ ਦੌਰਾਨ ਉਹ ਆਪਣੀ ਸਿਹਤ ਦੀ ਨਿਗਰਾਨੀ ਕਰਨ ਅਤੇ ਆਲੇ-ਦੁਆਲੇ ਦੇ ਲੋਕਾਂ ਤੋਂ ਦੂਰੀ ਬਣਾ ਕੇ ਰੱਖਣ ਲਈ ਪਾਬੰਦ ਹੋਣਗੇ। ਮੁੱਖ ਮੰਤਰੀ ਨੇ ਕਿਹਾ ਸਾਰੀਆਂ ਜ਼ਰੂਰੀ ਸਾਵਧਾਨੀਆਂ ਦੀ ਸਖਤੀ ਨਾਲ ਪਾਲਣਾ ਕਰਨੀ ਪਵੇਗੀ। ਮਾਸਕ ਪਾਉਣ, ਸਰੀਰਕ ਦੂਰੀ ਆਦਿ ਦਾ ਪਾਲਣ ਨਾ ਕਰਨ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

## ਵਾਹਨ ਉੱਤੇ ਆਰਟ ਵਰਕ ਹੋਏ ਕਾਰਨ ਰਜਿਸਟਰੇਸ਼ਨ ਨਾ ਕਰਨਾ ਗਲਤ: ਹਾਈ ਕੋਰਟ

ਚੰਡੀਗੜ੍ਹ, 15 ਜੁਲਾਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਆਪਣੇ ਇੱਕ ਮਹੱਤਵ ਪੂਰਨ ਫੈਸਲੇ 'ਚ ਕਿਹਾ ਹੈ ਕਿ ਜੇ ਵਾਹਨ ਉਤੇ ਕੋਈ ਆਰਟ ਵਰਕ ਕੀਤਾ ਗਿਆ ਹੈ, ਪਰ ਉਸ ਦੇ ਮੂਲ ਸਰੂਪ ਨਾਲ ਛੇੜਛਾੜ ਨਹੀਂ ਕੀਤੀ ਗਈ ਤਾਂ ਉਸ ਵਾਹਨ ਦੀ ਰਜਿਸਟਰੇਸ਼ਨ ਕਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।
ਇਸ ਸੰਬੰਧ ਵਿੱਚ ਚੰਡੀਗੜ੍ਹ ਦੇ ਰਣਜੀਤ ਮਲਹੋਤਰਾ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਉਨ੍ਹਾਂ ਨੇ ਯੂਰਪੀਅਨ ਯੂਨੀਅਨ ਦੇ ਕੌਂਸਲਰ ਕੋਲੋਂ ਦਿੱਲੀ ਵਿੱਚ ਅੰਬੈਸਡਰ ਕਾਰ ਖਰੀਦੀ ਸੀ। ਇਸ ਨੂੰ ਖਰੀਦਣ ਦਾ ਕਾਰਨ ਕਾਰ 'ਤੇ ਮੈਕਸੀਕੋ ਦੇ ਆਰਟਿਸਟ ਸੈਨਕੋਈ ਵੱਲੋਂ ਕੀਤਾ




ਗਿਆ ਆਰਟ ਵਰਕ ਸੀ। ਜੁਲਾਈ 2019 ਵਿੱਚ ਖਰੀਦੀ ਕਾਰ ਦੀ ਰਜਿਸਟਰੇਸ਼ਨ ਲਈ ਚੰਡੀਗੜ੍ਹ ਦੇ ਯੂ ਟੀ ਪ੍ਰਸ਼ਾਸਨ ਨੂੰ ਅਪੀਲ ਕੀਤੀ ਤਾਂ ਇੰਸਪੈਕਟਰ ਨੇ ਇਹ ਕਹਿ ਕੇ ਕਾਰ ਦੀ ਰਜਿਸਟਰੇਸ਼ਨ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਕਾਰ ਦਾ ਅਸਲ ਰੰਗ ਸਫੈਦ ਸੀ, ਜਿਸ ਉਤੇ ਪੇਂਟ ਕਰ ਦਿੱਤਾ ਗਿਆ ਹੈ ਤੇ ਇਹ ਕਾਰ ਦੇ ਅਸਲ ਰੂਪ ਨੂੰ ਬਦਲਣ ਦੀ ਸ਼੍ਰੇਣੀ ਵਿੱਚ ਆਉਂਦਾ ਹੈ।
ਇਸ ਉੱਤੇ ਚੰਡੀਗੜ੍ਹ ਯੂ ਟੀ ਪ੍ਰਸ਼ਾਸਨ ਦੇ ਸੀਨੀਅਰ ਸਟੈਂਡਿੰਗ ਕੌਂਸਲਰ ਪੰਕਜ ਜੈਨ ਨੇ ਕਿਹਾ ਕਿ ਅਜੇ ਤੱਕ ਰਜਿਸਟਰੇਸ਼ਨ ਦੀ ਅਪੀਲ ਉਤੇ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਇਸ ਲਈ ਇਹ ਪਟੀਸ਼ਨ ਪ੍ਰੀ-ਮੈਚਿਓਰ ਹੈ। ਹਾਈ ਕੋਰਟ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਕਿਹਾ ਕਿ ਮੋਟਰ ਵਹੀਕਲ ਐਕਟ ਅਨੁਸਾਰ ਕਾਰ ਦੇ ਅਸਲ ਰੰਗ ਨੂੰ ਬਦਲਣਾ ਉਸ ਦੇ ਮੂਲ ਰੂਪ ਨਾਲ ਛੇੜਛਾੜ ਕਰਨ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ। ਕੋਰਟ ਨੇ ਪਟੀਸ਼ਨ ਸਵੀਕਾਰ ਕਰਦਿਆਂ ਚੰਡੀਗੜ੍ਹ ਪ੍ਰਸ਼ਾਸਨ ਨੂੰ ਹੁਕਮ ਦਿੱਤਾ ਕਿ ਉਹ ਦੋ ਹਫਤੇ ਅੰਦਰ ਇਸ ਵਾਹਨ ਦੀ ਰਜਿਸਟਰੇਸ਼ਨ ਕਰੇ।

## ਡੀ ਐਸ ਪੀ ਦੇ ਨਾਂ ਉਤੇ ਸੇਵਾ ਮੁਕਤ ਪੁਲਸੀਏ ਵੱਲੋਂ ਠੱਗੀ

ਕੋਟਕਪੂਰਾ, 15 ਜੁਲਾਈ (ਪੋਸਟ ਬਿਊਰੋ)- ਫਰੀਦਕੋਟ ਦੀ ਇਸ ਸਬ-ਡਵੀਜ਼ਨ 'ਚ ਤਾਇਨਾਤ ਡੀ ਐੱਸ ਪੀ ਬਲਕਾਰ ਸਿੰਘ ਸੰਧੂ ਦੇ ਨਾਂ ਉਤੇ ਇੱਕ ਲੱਖ 20 ਹਜ਼ਾਰ ਦੀ ਰਿਸ਼ਵਤ ਲੈਣ ਦਾ ਕੇਸ ਪਤਾ ਲੱਗਾ ਹੈ। ਇਸ ਵਿੱਚ ਦੋਸ਼ੀ ਗੁਰਸੇਵਕ ਸਿੰਘ ਵਾਸੀ ਕੋਟਕਪੂਰਾ ਪੰਜਾਬ ਪੁਲਸ ਦਾ ਸਾਬਕਾ ਥਾਣੇਦਾਰ ਦੱਸਿਆ ਜਾ ਰਿਹਾ ਹੈ।
ਕੋਟਕਪੂਰਾ ਸਿਟੀ ਪੁਲਸ ਨੇ ਅਸ਼ੋਕ ਕੁਮਾਰ ਪੁੱਤਰ ਹੰਸ ਰਾਜ ਵਾਸੀ ਕੋਟਕਪੂਰਾ ਦੀ ਸ਼ਿਕਾਇਤ 'ਤੇ ਦੋਸ਼ੀ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਇੰਸਪੈਕਟਰ ਗੁਰਮੀਤ ਸਿੰਘ ਦੇ ਮੁਤਾਬਕ ਸ਼ਿਕਾਇਤ ਕਰਤਾ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦਾ ਉਨ੍ਹਾਂ ਦੀ ਲੜਕੀ ਦੇ ਸਹੁਰੇ ਪਰਵਾਰ ਨਾਲ ਵਿਵਾਦ ਚੱਲਦਾ ਸੀ। ਇਸ ਵਿਵਾਦ ਬਾਰੇ ਉਨ੍ਹਾਂ ਨੇ ਡੀ ਐੱਸ ਪੀ ਦਫ਼ਤਰ ਕੋਟਕਪੂਰਾ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ, ਜਿਸ ਦੀ ਜਾਂਚ ਡੀ ਐੱਸ ਪੀ ਵੱਲੋਂ ਕੀਤੀ ਜਾ ਰਹੀ ਹੈ। ਸ਼ਿਕਾਇਤ ਕਰਤਾ ਮੁਤਾਬਕ ਗੁਰਸੇਵਕ ਸਿੰਘ ਨੇ ਉਸ ਨੂੰ ਦੱਸਿਆ ਕਿ ਉਸ ਦੀ ਇਸ ਪੁਲਸ ਅਧਿਕਾਰੀ ਨਾਲ ਬਹੁਤ ਨੇੜਤਾ ਹੈ ਅਤੇ ਉਹ ਉਸ ਦਾ ਕੰਮ ਕਰਵਾ ਸਕਦਾ ਹੈ। ਇਸ ਲਈ ਉਕਤ ਅਧਿਕਾਰੀ ਨੂੰ ਦੇਣ ਵਾਸਤੇ 1 ਲੱਖ 20 ਹਜ਼ਾਰ ਰੁਪਏ ਦੀ ਮੰਗ ਕੀਤੀ ਸੀ। ਪੂਰੀ ਰਕਮ ਲੈਣ ਪਿੱਛੋਂ ਉਸਨੇ ਸ਼ਿਕਾਇਤ ਕਰਤਾ ਤੋਂ 30 ਹਜ਼ਾਰ ਰੁਪਏ ਦੀ ਹੋਰ ਮੰਗ ਸ਼ੁਰੂ ਕਰ ਦਿੱਤੀ। ਜਦੋਂ ਸ਼ਿਕਾਇਤ ਕਰਤਾ ਨੇ ਹੋਰ ਰਕਮ ਦੇਣ ਤੋਂ ਇਨਕਾਰ ਕੀਤਾ ਤਾਂ ਸਾਬਕਾ ਥਾਣੇਦਾਰ ਨੇ ਉਸ ਨੂੰ ਧਮਕੀ ਦਿੱਤੀ ਕਿ ਉਸਦਾ ਕੰਮ ਨਹੀਂ ਹੋ ਸਕਦਾ ਅਤੇ ਉਸਦੇ ਦਿੱਤੇ ਪੈਸੇ ਵੀ ਗਏ। ਜਦੋਂ ਸ਼ਿਕਾਇਤ ਕਰਤਾ ਨੇ ਇਸ ਬਾਰੇ ਡੀ ਐੱਸ ਪੀ ਤੱਕ ਪਹੁੰਚ ਕੀਤੀ ਤਾਂ ਸੱਚ ਸਾਹਮਣੇ ਆ ਗਿਆ। ਪੁਲਸ ਨੇ ਕੇਸ ਨੂੰ ਗੰਭੀਰਤਾ ਨਾਲ ਲੈਂਦਿਆਂ ਪਰਚਾ ਦਰਜ ਕਰ ਕੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ।

## ਸਾਬਕਾ ਡੀ ਜੀ ਪੀ ਸੁਮੇਧ ਸੈਣੀ ਖਿਲਾਫ ਸੁਣਵਾਈ, 20 ਨੂੰ ਫੈਸਲਾ

ਚੰਡੀਗੜ੍ਹ, 15 ਜੁਲਾਈ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਖਿਲਾਫ ਸੀ ਬੀ ਆਈ ਦੀ ਸਾਲ 2008 ਵਿੱਚ ਕੀਤੀ ਗਈ ਜਾਂਚ ਦੇ ਦਸਤਾਵੇਜ਼ ਲੈਣ ਦੀ ਪੰਜਾਬ ਪੁਲਸ ਦੀ ਅਰਜ਼ੀ 'ਤੇ ਸੀ ਬੀ ਆਈ ਸਪੈਸ਼ਲ ਕੋਰਟ ਵਿੱਚ ਕੱਲ੍ਹ ਸੁਣਵਾਈ ਹੋਈ। ਇਸ ਬਾਰੇ ਵੀਹ ਜੁਲਾਈ ਨੂੰ ਅਦਾਲਤ ਆਪਣਾ ਫੈਸਲਾ ਸੁਣਾਏਗੀ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਬੀਤੀ ਅੱਠ ਜੁਲਾਈ ਨੂੰ ਸੀ ਬੀ ਆਈ ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਸੀ ਕਿ ਉਹ ਆਪਣੇ ਦਸਤਾਵੇਜ਼ ਪੰਜਾਬ ਪੁਲਸ ਨੂੰ ਨਹੀਂ ਦੇ ਸਕਦੇ ਕਿਉਂਕਿ ਉਹ ਹਾਈ ਕੋਰਟ ਅਤੇ ਸੀ ਬੀ ਆਈ ਇੰਟਰਨਲ ਕਮਿਊਨੀਕੇਸ਼ਨ ਸੀ। ਪੰਜਾਬ ਪੁਲਸ ਨੇ ਸੀ ਬੀ ਆਈ ਤੋਂ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਖ਼ਿਲਾਫ ਸਾਲ 2008 ਵਿੱਚ ਕੀਤੀ ਗਈ ਜਾਂਚ ਦੇ ਦਸਤਾਵੇਜ਼ ਮੰਗੇ ਹਨ, ਜੋ ਸੀ ਬੀ ਆਈ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਜਮ੍ਹਾ ਕਰਵਾਏ ਸਨ। ਬਾਅਦ ਵਿੱਚ ਸੁਪਰੀਮ ਕੋਰਟ ਨੇ ਦੇ ਹੁਕਮਾਂ ਉੱਤੇ ਹਾਈ ਕੋਰਟ ਨੇ ਸੀ ਬੀ ਆਈ ਨੂੰ ਉਹ ਰਿਪੋਰਟ ਵਾਪਸ ਕਰ ਦਿੱਤੀ ਸੀ। ਸੀ ਬੀ ਆਈ ਨੇ ਇਹ ਜਾਂਚ ਸੁਮੇਧ ਸੈਣੀ ਵਿਰੁੱਧ ਸਾਲ 2008 ਵਿੱਚ ਕੀਤੀ ਸੀ। 1991 ਵਿੱਚ ਚੰਡੀਗੜ੍ਹ ਦੇ ਤਤਕਾਲੀ ਐੱਸ ਐੱਸ ਪੀ ਸੁਮੇਧ ਸੈਣੀ 'ਤੇ ਖਾੜਕੂਆਂ ਦਾ ਹਮਲਾ ਹੋਣ ਪਿੱਛੋਂ ਸੁਮੇਧ ਦੇ ਇਸ਼ਾਰੇ 'ਤੇ ਮੋਹਾਲੀ ਵਾਸੀ ਬਲਵੰਤ ਸਿੰਘ ਮੁਲਤਾਨੀ ਨੂੰ ਉਸ ਦੇ ਘਰੋਂ ਚੁਕਵਾ ਲਿਆ ਗਿਆ ਸੀ। ਪਰਵਾਰ ਦਾ ਦੋਸ਼ ਹੈ ਕਿ ਪੁਲਸ ਕਸਟਡੀ ਵਿੱਚ ਹੀ ਬਲਵੰਤ ਦੀ ਮੌਤ ਹੋਈ, ਪਰ ਪੁਲਸ ਨੇ ਓਦੋਂ ਕਿਹਾ ਸੀ ਕਿ ਉਹ ਉਨ੍ਹਾਂ ਦੀ ਗ੍ਰਿਫਤ ਤੋਂ ਭੱਜ ਗਿਆ ਸੀ।

## ਗ਼ੈਰ ਕਾਨੂੰਨੀ ਮਾਈਨਿੰਗ ਦੇ ਸਬੂਤ ਮਿਟਾਉਣ ਵਿੱਚ ਮਦਦ ਕਰ ਰਹੇ ਨੇ ਅਫ਼ਸਰ: ਹਾਈ ਕੋਰਟ

ਚੰਡੀਗੜ੍ਹ, 15 ਜੁਲਾਈ (ਪੋਸਟ ਬਿਊਰੋ)- ਲੁਧਿਆਣਾ ਜ਼ਿਲੇ ਦੇ ਪਿੰਡਾਂ 'ਚ ਸਤਲੁਜ ਦਰਿਆ 'ਚ ਹੋ ਰਹੀ ਗ਼ੈਰ ਕਾਨੂੰਨੀ ਮਾਈਨਿੰਗ ਦਾ ਮਾਮਲਾ ਹਾਈ ਕੋਰਟ ਵਿੱਚ ਗਿਆ ਤਾਂ ਜੱਜ ਸਾਹਿਬਾਨ ਵੀ ਨਾਰਾਜ਼ ਹੋ ਗਏ।
ਜਸਟਿਸ ਰਾਜਨ ਗੁਪਤਾ ਤੇ ਜਸਟਿਸ ਕਰਮਜੀਤ ਸਿੰਘ ਦੀ ਡਵੀਜ਼ਨ ਬੈਂਚ ਨੇ ਨਾਜਾਇਜ਼ ਮਾਈਨਿੰਗ ਬਾਰੇ ਸੈਸ਼ਨ ਜੱਜ ਲੁਧਿਆਣਾ ਤੋਂ ਰਿਪੋਰਟ ਮੰਗੀ ਸੀ ਅਤੇ ਡਿਪਟੀ ਕਮਿਸ਼ਨਰ ਨੂੰ ਮੌਕੇ ਉੱਤੇ ਜਾ ਕੇ ਜਾਇਜ਼ਾ ਲੈਣ ਅਤੇ ਰਿਪੋਰਟ ਦੇਣ ਦੀ ਹਦਾਇਤ ਕੀਤੀ ਸੀ। ਇਹ ਰਿਪੋਰਟ ਕੱਲ੍ਹ ਹਾਈ ਕੋਰਟ 'ਚ ਪੇਸ਼ ਕੀਤੀ ਜਾਣੀ ਸੀ ਪਰ ਸਰਕਾਰੀ ਵਕੀਲ ਨੇ ਡਿਪਟੀ ਕਮਿਸ਼ਨਰ ਦੀ ਨਿੱਜੀ ਸਮੱਸਿਆ ਕਾਰਨ ਮੌਕੇ ਉੱਤੇ ਨਾ ਜਾ ਸਕਣ ਦੀ ਗੱਲ ਕਹੀ ਤਾਂ ਪਟੀਸ਼ਨਰ ਦੇ



ਵਕੀਲ ਫੈਰੀ ਸੋਫਤ ਨੇ ਬੈਂਚ ਕੋਲ ਵੀਡੀਓ ਰੀਕਾਰਡਿੰਗ ਪੇਸ਼ ਕਰ ਦਿੱਤੀਆਂ ਕਿ ਹਾਈ ਕੋਰਟ ਦੀ ਸਖ਼ਤੀ ਪਿੱਛੋਂ ਕਿਵੇਂ ਮਾਈਨਿੰਗ ਕਰਤਾਵਾਂ ਨੇ ਖੱਡਾਂ ਭਰ ਕੇ ਗ਼ੈਰ ਕਾਨੂੰਨੀ ਮਾਈਨਿੰਗ ਦੇ ਸਬੂਤ ਮਿਟਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਬਾਰੇ ਸਰਕਾਰ ਨੇ ਸੀ ਡੀ ਦੀ ਕਾਪੀ ਮੰਗੀ ਤਾਂ ਅਦਾਲਤ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਇਹ ਸਰਕਾਰ ਨੂੰ ਨਹੀਂ ਮਿਲ ਸਕਦੀ। ਅਦਾਲਤ ਨੇ ਇੱਥੋਂ ਤੱਕ ਕਿਹਾ ਕਿ ਸਰਕਾਰੀ ਅਫ਼ਸਰ ਗ਼ੈਰ ਕਾਨੂੰਨੀ ਮਾਈਨਿੰਗ ਕਰਤਾਵਾਂ ਨੂੰ ਸਬੂਤ ਮਿਟਾਉਣ ਵਿੱਚ ਮਦਦ ਕਰ ਰਹੇ ਹਨ।
ਸਰਕਾਰੀ ਵਕੀਲ ਨੇ ਹਾਈ ਕੋਰਟ ਨੂੰ ਪਿਛਲੇ ਹੁਕਮ ਵਿੱਚ ਬਦਲਾਅ ਕਰ ਕੇ ਡਿਪਟੀ ਕਮਿਸ਼ਨਰ ਨੂੰ ਆਪਣੇ ਕਿਸੇ ਪ੍ਰਤੀਨਿਧ ਨੂੰ ਮੌਕੇ 'ਤੇ ਭੇਜਣ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ, ਪਰ ਕੋਰਟ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਇਹ ਬਹਾਨੇ ਨਹੀਂ ਚੱਲਣੇ ਅਤੇ ਡਿਪਟੀ ਕਮਿਸ਼ਨਰ 18 ਜੁਲਾਈ ਤੱਕ ਮੌਕੇ 'ਤੇ ਜਾ ਕੇ ਮੁਆਇਨਾ ਕਰੇ ਅਤੇ 22 ਜੁਲਾਈ ਤੱਕ ਹਾਈ ਕੋਰਟ ਵਿੱਚ ਰਿਪੋਰਟ ਕਰੇ। ਬੈਂਚ ਨੇ ਕਿਹਾ ਹੈ ਕਿ ਪੁਰਾਣੇ ਹੁਕਮ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਤੇ ਡਿਪਟੀ ਕਮਿਸ਼ਨਰ ਸੈਸ਼ਨ ਜੱਜ ਨਾਲ ਵਿਵਾਦਿਤ ਥਾਂ ਜਾਵੇ ਅਤੇ ਮੁਆਇਨਾ ਕਰੇ।

## ਕਿੱਟੀ ਅਤੇ ਕਮੇਟੀ ਦੇ ਨਾਂਅ ਉੱਤੇ ਲੱਖਾਂ ਦੀ ਠੱਗੀ ਮਾਰ ਕੇ ਫਰਾਰ

ਜਲੰਧਰ, 15 ਜੁਲਾਈ (ਪੋਸਟ ਬਿਊਰੋ)- ਇਸ ਮਹਾਨਗਰ ਦੇ ਪੀ ਪੀ ਆਰ ਮਾਲ ਵਿੱਚ ਤੀਸਰੀ ਮੰਜ਼ਿਲ ਉਤੇ ਚੱਲ ਰਹੀ ਇੱਕ ਕੰਪਨੀ ਦੇ ਖਿਲਾਫ ਲੋਕਾਂ ਨੇ ਮਾਲ ਦੇ ਬਾਹਰ ਇਕੱਠੇ ਹੋ ਕੇ ਪ੍ਰਦਰਸ਼ਨ ਕੀਤਾ ਅਤੇ ਦੋਸ਼ ਲਾਇਆ ਕਿ ਕੰਪਨੀ ਦਾ ਸੰਚਾਲਕ ਕਿੱਟੀ ਅਤੇ ਕਮੇਟੀ ਦੇ ਨਾਂਅ ਉੱਤੇ ਉਨ੍ਹਾਂ ਦੇ ਕਰੋੜਾਂ ਰੁਪਏ ਠੱਗ ਕੇ ਫਰਾਰ ਹੋ ਗਿਆ ਹੈ। ਇਸ ਸੰਬੰਧ ਵਿੱਚ ਕਰੀਬ 25 ਲੋਕਾਂ ਨੇ ਥਾਣਾ ਸੱਤ ਵਿੱਚ ਕੰਪਨੀ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੈ। ਏ ਸੀ ਪੀ ਮਾਡਲ ਟਾਊਨ ਹਰਿੰਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਸ਼ਾਮ ਥਾਣੇ ਨੂੰ ਸੂਚਨਾ ਮਿਲੀ ਸੀ ਕਿ ਪੀ ਪੀ ਆਰ ਮਾਲ ਵਿੱਚ ਕੁਝ ਲੋਕ ਇੱਕ ਕੰਪਨੀ ਖਿਲਾਫ ਹੰਗਾਮਾ ਕਰ ਰਹੇ ਹਨ। ਪੁਲਸ ਕਾਰਵਾਈ ਕਰਨ ਲਈ ਪਹੁੰਚੀ ਤਾਂ ਵੱਖ-ਵੱਖ ਜ਼ਿਲਿਆਂ ਤੋਂ ਪਹੁੰਚੇ ਲੋਕਾਂ ਨੇ ਦੱਸਿਆ ਕਿ ਕੰਪਨੀ ਕੋਲ ਕਿਸੇ ਨੇ ਪੰਜ ਲੱਕ ਤਾਂ ਕਿਸੇ ਨੇ ਅੱਠ ਲੱਖ ਰੁਪਏ ਤੱਕ ਦੀ ਕਮੇਟੀ ਪਾਈ ਹੋਈ ਸੀ। ਉਨ੍ਹਾ ਦੱਸਿਆ ਕਿ ਕੱਲ੍ਹ ਸਵੇਰ ਤੋਂ ਕਈ ਲੋਕ ਕੰਪਨੀ ਵਿੱਚ ਫੋਨ ਕਰ ਰਹੇ ਸਨ, ਪਰ ਕਿਸੇ ਨੇ ਫੋਨ ਨਹੀਂ ਚੁੱਕਿਆ। ਦੇਰ ਸ਼ਾਮ ਉਹ ਕੰਪਨੀ ਦੇ ਦਫਤਰ ਪਹੁੰਚੇ ਤਾਂ ਉਥੇ ਤਾਲੇ ਲੱਗੇ ਹੋਏ ਸਨ। ਇਸ ਪਿੱਛੋਂ ਲੋਕਾਂ ਨੇ ਪੀ ਪੀ ਆਰ ਮਾਲ ਦੇ ਬਾਹਰ ਕਾਫੀ ਦੇਰ ਹੰਗਾਮਾ ਕੀਤਾ। ਏ ਸੀ ਪੀ ਨੇ ਉਨ੍ਹਾਂ ਨੂੰ ਭਰੋਸਾ ਦਿਵ-ਾਇਆ ਕਿ ਦੋਸ਼ੀਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਏਗੀ। ਏ ਸੀ ਪੀ ਹਰਿੰਦਰ ਸਿੰਘ ਨੇ ਕਿਹਾ ਕਿ ਲੋਕਾਂ ਵੱਲੋਂ ਲਾਏ ਗਏ ਦੋਸ਼ਾਂ ਦੇ ਆਧਾਰ 'ਤੇ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।

## ਅਮਰੀਕਾ ਵਿੱਚ ਫਿਰ ਵਿਰੋਧ ਮੁਜ਼ਾਹਰੇ ਹੋਣ ਲੱਗ ਪਏ

ਵਾਸ਼ਿੰਗਟਨ, 15 ਜੁਲਾਈ (ਪੋਸਟ ਬਿਊਰੋ)- ਪੈਨਸਿਲਵੇਨੀਆ ਹਸਪਤਾਲ ਦੇ ਬਾਹਰ ਪੁਲਸ ਇੱਕ ਅਧਿਕਾਰੀ ਵੱਲੋਂ ਇੱਕ ਵਿਅਕਤੀ ਦੀ ਗਰਦਨ 'ਤੇ ਗੋਡਾ ਰੱਖ ਕੇ ਉਸ ਨੂੰ ਰੋਕਣ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਵਿਰੋਧ-ਪ੍ਰਦਰਸ਼ਨਾਂ ਦਾ ਇੱਕ ਹੋਰ ਦੌਰ ਸ਼ੁਰੂ ਹੋ ਗਿਆ ਹੈ। ਲੋਕਾਂ ਨੇ ਪੁਲਸ ਦੇ ਇਸ ਰਵੱਈਏ ਖਿਲਾਫ ਸੋਮਵਾਰ ਨੂੰ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਵੱਡੇ ਅਫਸਰਾਂ ਦੀ ਜਵਾਬਦੇਹੀ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਗੈਰ-ਗੋਰੇ ਜਾਰਜ ਫਲਾਇਡ ਨੂੰ ਇਸੇ ਤਰ੍ਹਾਂ ਇੱਕ ਪੁਲਸ ਅਫਸਰ ਨੇ ਮਾਰ ਦਿੱਤਾ ਸੀ ਜਿਸ ਤੋਂ ਬਾਅਦ ਅਮਰੀਕਾ ਸਮੇਤ ਪੂਰੀ ਦੁਨੀਆ ਵਿੱਚ ਨਸਲੀ ਵਿਤਕਰੇ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਹੋਏ ਸਨ। ਏਲਨਟਾਊਨ ਪੁਲਸ ਨੇ ਘਟਨਾ ਨਾਲ ਜੁੜਿਆ ਇੱਕ ਵੀਡੀਓ ਰਿਲੀਜ਼ ਕੀਤਾ ਹੈ, ਜਿਸ ਵਿੱਚ ਦਿਖਾਇਆ ਹੈ ਕਿ ਪੁਲਸ ਅਧਿਕਾਰੀ ਉਸ ਵਿਅਕਤੀ ਦੀ ਗਰਦਨ ਨੂੰ ਦੋ ਵਾਰ ਆਪਣੇ ਗੋਡੇ ਨਾਲ ਦਬਾਉਂਦਾ ਹੈ। ਪੁਲਸ ਨੇ ਸੋਮਵਾਰ ਜਾਰੀ ਬਿਆਨ ਵਿੱਚ ਕਿਹਾ ਕਿ ਇਹ ਵਿਅਕਤੀ ਮਾਨਸਿਕ ਤੌਰ 'ਤੇ ਗੈਰ-ਗੋਰਾ ਹੋਣ ਦੇ ਨਾਲ ਨਸ਼ੀਲੇ ਪਦਾਰਥ ਤੇ ਸ਼ਰਾਬ ਦਾ ਆਦਿ ਸੀ। ਪ੍ਰਦਰਸ਼ਨ ਕਰ ਰਹੇ ਲੋਕਾਂ ਦਾ ਕਹਿਣਾ ਹੈ ਕਿ ਪੁਲਸ ਨੇ ਨੀਤੀ ਦੀ ਉਲੰਘਣਾ ਕੀਤੀ ਹੈ। ਦੂਜੇ ਪਾਸੇ ਅਮਰੀਕਨ ਸਿਵਲ ਲਿਬਰਟੀਜ਼ ਆਫ ਪੈਨਸਿਲਵੇਨੀਆ ਨੇ ਇਸ ਨੂੰ ਸ਼ਕਤੀ ਦੀ ਨਾਜਾਇਜ਼ ਵਰਤੋਂ ਦੱਸਿਆ ਹੈ। ਵਰਨਣ ਯੋਗ ਹੈ ਕਿ ਪਹਿਲਾਂ ਅਮਰੀਕੀ ਪੁਲਸ ਦੇ ਇੱਕ ਮੁਲਾਜ਼ਮ ਵੱਲੋਂ ਗੈਰ ਗੋਰੇ ਫਲਾਇਡ ਦੀ ਮੌਤ ਵੀ ਧੌਣ 'ਤੇ ਗੋਡਾ ਰੱਖਣ ਕਾਰਨ ਹੋਈ ਸੀ।

# ਅਯੁੱਧਿਆ ਅਤੇ ਰਾਮ ਬਾਰੇ ਬੇਤੁਕੇ ਬੋਲਾਂ ਕਾਰਨ ਨੇਪਾਲ ਵਿੱਚ ਹੀ ਘਿਰ ਗਏ ਨੇਪਾਲੀ ਪ੍ਰਧਾਨ ਮੰਤਰੀ

ਕਾਠਮੰਡੂ, 15 ਜੁਲਾਈ (ਪੋਸਟ ਬਿਊਰੋ)- ਨੇਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਅਯੁੱਧਿਆ ਅਤੇ ਭਗਵਾਨ ਰਾਮ 'ਤੇ ਬਿਆਨ ਦੇ ਕੇ ਨੇਪਾਲ ਵਿੱਚ ਹੀ ਮਜ਼ਾਕ ਦਾ ਪਾਤਰ ਬਣ ਗਏ ਹਨ। ਉਨ੍ਹਾਂ ਕਿਹਾ ਸੀ ਕਿ ਅਸਲੀ ਅਯੁੱਧਿਆ ਨੇਪਾਲ ਦੇ ਬੀਰਗੰਜ ਨੇੜੇ ਇੱਕ ਪਿੰਡ ਹੈ, ਉਥੇ ਭਗਵਾਨ ਰਾਮ ਦਾ ਜਨਮ ਹੋਇਆ ਸੀ। ਭਗਵਾਨ ਰਾਮ ਭਾਰਤ ਦੇ ਨਹੀਂ, ਨੇਪਾਲ ਦੇ ਰਾਜਕੁਮਾਰ ਸਨ। ਉਨ੍ਹਾਂ ਦੀ ਇਸ ਗੱਲ ਦਾ ਨੇਪਾਲ ਵਿੱਚ ਖੂਬ ਮਜ਼ਾਕ ਉਡਾਇਆ ਜਾ ਰਿਹਾ ਹੈ।

ਸਾਬਕਾ ਪ੍ਰਧਾਨ ਮੰਤਰੀ ਬਾਬੂ ਰਾਮ ਭੱਟਾਰਾਈ ਨੇ ਟਵੀਟ ਕਰ ਕੇ ਕਿਹਾ, 'ਆਦਿ ਕਵੀ ਓਲੀ ਵੱਲੋਂ ਰਚੀ ਕਲਯੁਗ ਦੀ ਨਵੀਂ ਰਾਮਾਇਣ ਸੁਣੋ, ਸਿੱਧੇ ਬੈਕੁੰਠ ਧਾਮ ਦੀ ਯਾਤਰਾ ਕਰੋ।' ਨੇਪਾਲ ਦੇ ਸਾਬਕਾ ਵਿਦੇਸ਼ ਮੰਤਰੀ ਰਮੇਸ਼ ਨਾਥ ਪਾਂਡੇ ਨੇ ਕਿਹਾ, 'ਜੇ ਅਸਲੀ ਅਯੁੱਧਿਆ ਬੀਰਗੰਜ ਨੇੜੇ ਹੈ ਤਾਂ ਫਿਰ ਸਰਿਊ ਨਦੀ ਕਿੱਥੇ ਹੈ? ਧਰਮ ਰਾਜਨੀਤੀ ਤੇ ਕੂਟਨੀਤੀ ਤੋਂ ਉਪਰ ਹੈ। ਇਹ ਬੜਾ ਭਾਵਨਾਤਮਕ ਵਿਸ਼ਾ ਹੈ। ਅਜਿਹੀ ਬਿਆਨਬਾਜ਼ੀ ਨਾਲ ਤੁਸੀਂ ਕੇਵਲ ਸ਼ਰਮਿੰਦਗੀ ਮਹਿਸੂਸ ਕਰਵਾ ਸਕਦੇ ਹੋ।' ਰਾਸ਼ਟਰੀ ਪ੍ਰਜਾਤੰਤਰ ਪਾਰਟੀ ਦੇ ਚੇਅਰਮੈਨ ਅਤੇ ਸਾਬਕਾ ਉਪ ਪ੍ਰਧਾਨ ਮੰਤਰੀ ਕਮਲ ਥਾਪਾ ਨੇ ਇਥੋਂ ਤੱਕ ਕਹਿ ਦਿੱਤਾ ਕਿ ਅਜਿਹੇ ਬਿਆਨ ਦੇ ਕੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਭਾਰਤ ਤੇ ਨੇਪਾਲ ਦੇ ਰਿਸ਼ਤੇ ਹੋਰ ਵਿਗਾੜਨਾ ਚਾਹੁੰਦੇ ਹਨ, ਜਦ ਕਿ ਉਨ੍ਹਾਂ ਨੂੰ ਅਜੇ ਤਣਾਅ ਘੱਟ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਓਲੀ ਦੇ ਬਿਆਨ ਉੱਤੇ ਹੈਰਾਨੀ ਪ੍ਰਗਟ ਕਰਦੇ ਹੋਏ



ਉਨ੍ਹਾਂ ਦੇ ਸਾਬਕਾ ਮੀਡੀਆ ਸਲਾਹਕਾਰ ਅਤੇ ਤ੍ਰਿਭੁਵਨ ਯੂਨੀਵਰਸਿਟੀ ਦੇ ਪ੍ਰੋਫੈਸਰ ਕੁੰਦਨ ਆਰੀਅਲ ਨੇ ਟਵੀਟ ਕਰ ਕੇ ਕਿਹਾ, 'ਕੀ ਓਲੀ ਭਾਰਤੀ ਟੀ ਵੀ ਚੈਨਲਾਂ ਨਾਲ ਮੁਕਾਬਲੇਬਾਜ਼ੀ ਕਰ ਰਹੇ ਹਨ?' ਸੀਨੀਅਰ ਪੱਤਰਕਾਰ ਧਰੂਬਾ ਅਧਿਕਾਰੀ ਨੇ ਕਿਹਾ, 'ਓਲੀ ਦੀ ਪਾਰਟੀ ਦਾ ਨਾਂਅ ਹੈ ਕਮਿਊਨਿਸਟ ਪਾਰਟੀ ਆਫ ਨੇਪਾਲ। ਕਮਿਊਨਿਜ਼ਮ ਯਾਨੀ ਸਾਮਵਾਦ, ਜੋ ਧਰਮ ਨੂੰ ਨਹੀਂ ਮੰਨਦਾ। ਓਲੀ ਨੇ ਜਦ ਸਹੁੰ ਚੁੱਕੀ ਤਾਂ ਉਨ੍ਹਾਂ ਨੇ ਭਗਵਾਨ ਦਾ ਨਾਂਅ ਲੈਣ ਤੋਂ ਮਨ੍ਹਾ ਕਰ ਦਿੱਤਾ ਸੀ। ਭਾਰਤ ਦੇ ਪੀ ਐਮ ਮੋਦੀ ਨੇ ਜਨਕਪੁਰ ਵਿੱਚ ਪੂਜਾ ਕੀਤੀ ਤਾਂ ਓਲੀ ਨੇ ਨਹੀਂ ਕੀਤੀ, ਅੱਜ ਓਲੀ ਨੂੰ ਰਾਮ ਅਤੇ ਅਯੁੱਧਿਆ ਦੀ ਚਿੰਤਾ ਹੋ ਰਹੀ ਹੈ, ਜੋ ਹੈਰਾਨੀ ਦੀ ਗੱਲ ਹੈ।'

ਇਸ ਦੌਰਾਨ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਦਾ ਦੇਖ ਕੇ ਨੇਪਾਲ ਦੇ ਵਿਦੇਸ਼ ਮੰਤਰਾਲੇ ਨੂੰ ਸਫਾਈ ਦੇਣੀ ਪਈ ਹੈ। ਜਾਰੀ ਕੀਤੇ ਗਏ ਸਪੱਸ਼ਟੀਕਰਨ ਵਿੱਚ ਕਿਹਾ ਗਿਆ ਹੈ ਕਿ ਇਹ ਟਿੱਪਣੀਆਂ ਕਿਸੇ ਰਾਜਨੀਤਕ ਮੁੱਦੇ ਨਾਲ ਨਹੀਂ ਜੁੜੀਆਂ ਸਨ ਅਤੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਇਰਾਦਾ ਨਹੀਂ ਸੀ।

ਅਯੁੱਧਿਆ ਵਿੱਚ ਬਾਬਰੀ ਮਸਜਿਦ ਮਾਮਲੇ ਵਿੱਚ ਇੱਕ ਧਿਰ ਰਹੇ ਇਕਬਾਲ ਅੰਸਾਰੀ ਵੀ ਓਲੀ ਦੇ ਬਿਆਨ ਤੋਂ ਖਫ਼ਾ ਹਨ। ਉਨ੍ਹਾਂ ਨੇ ਕਿਹਾ ਕਿ ਰਾਮ ਦੇ ਸੇਵਕ ਹਨੂਮਾਨ ਜੀ ਨੂੰ ਗੁੱਸਾ ਆਇਆ ਤਾਂ ਨੇਪਾਲ ਦੁਨੀਆ ਦੇ ਨਕਸ਼ੇ ਤੋਂ ਗਾਇਬ ਹੋ ਜਾਏਗਾ। ਅਯੁੱਧਿਆ ਵਿੱਚ ਭਗਵਾਨ ਰਾਮ ਦੇ ਨਾਲ ਹਨੂਮਾਨ ਜੀ ਵੀ ਬਿਰਾਜਮਾਨ ਹੈ। ਅਯੁੱਧਿਆ ਦਾ ਸਨਮਾਨ ਸਾਰੀ ਦੁਨੀਆ ਦੇ ਲੋਕ ਕਰਦੇ ਹਨ। ਰਾਮ ਮੰਦਰ ਟਰੱਸਟ ਦੇ ਮੈਂਬਰ ਮਹੰਤ ਦਿਨੇਂਦਰ ਦਾਸ ਨੇ ਕਿਹਾ ਕਿ ਓਲੀ ਨੇ ਚੀਨ ਦੇ ਦਬਾਅ ਵਿੱਚ ਇਹ ਬਿਆਨ ਦਿੱਤਾ ਹੈ। ਕਾਂਗਰਸ ਨੇਤਾ ਅਭਿਸ਼ੇਕ ਮਨੂ ਸਿੰਘਵੀ ਨੇ ਟਵੀਟ ਕੀਤਾ, 'ਨੇਪਾਲੀ ਪੀ ਐੱਮ ਓਲੀ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਉਹ ਕਠਪੁਤਲੀ ਹਨ, ਜੋ ਚੀਨ ਦੀਆਂ ਲਾਈਨਾਂ ਬੋਲ ਰਹੇ ਹਨ।'

## ਅਮਰੀਕਾ ਨੇ ਦੱਖਣੀ ਚੀਨ ਸਾਗਰ 'ਚ ਚੀਨ ਦੇ ਦਾਅਵੇ ਰੱਦ ਕੀਤੇ

ਸਿਆਟਲ, 15 ਜੁਲਾਈ (ਪੋਸਟ ਬਿਊਰੋ)- ਦੱਖਣੀ ਚੀਨ ਸਾਗਰ 'ਚ ਅਮਰੀਕਾ ਅਤੇ ਚੀਨ ਵਿਚਾਲੇ ਸਥਿਤੀ ਟਕਰਾਅ 'ਤੇ ਪਹੁੰਚ ਗਈ ਹੈ। ਅਮਰੀਕਾ ਨੇ ਕੱਲ੍ਹ ਦੱਖਣੀ ਚੀਨ ਸਾਗਰ 'ਤੇ ਚੀਨੀ ਦਾਅਵੇ ਨੂੰ ਰੱਦ ਕਰ ਦਿੱਤਾ ਹੈ।

ਡੋਨਾਲਡ ਟਰੰਪ ਦੀ ਸਰਕਾਰ ਨੇ ਕੱਲ੍ਹ ਸਪੱਸ਼ਟ ਕਰ ਦਿੱਤਾ ਕਿ ਵਿਸ਼ਵ ਦੱਖਣੀ ਚੀਨ ਸਾਗਰ ਨੂੰ ਆਪਣਾ ਸਮੁੰਦਰੀ ਸਾਮਰਾਜ ਨਹੀਂ ਮੰਨਣ ਦੇਵੇਗਾ। ਅਮਰੀਕਾ ਨੇ ਕਿਹਾ ਕਿ ਚੀਨ ਨੂੰ ਇਸ ਖੇਤਰ 'ਚ ਇਕਪਾਸੜ ਆਪਣੀ ਇੱਛਾ ਨੂੰ ਲਾਗੂ ਕਰਨ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ। ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਕਿਹਾ ਕਿ ਦੱਖਣੀ ਚੀਨ ਸਾਗਰ 'ਤੇ ਚੀਨ ਦੇ ਦਾਅਵੇ ਪੂਰੀ ਤਰ੍ਹਾਂ ਬੇਕਾਰ ਹਨ ਅਤੇ ਮੈਂ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹਾਂ। ਟਰੰਪ ਨੇ ਚੀਨ ਦੇ ਹਮਲੇ ਬਾਰੇ ਚੀਨ ਨੂੰ ਚਿਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਚੀਨ ਦੀ ਫ਼ੌਜ ਬਦਮਾਸ਼ੀ 'ਤੇ ਉਤਰ ਆਈ ਹੈ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ ਅਤੇ ਕਈ ਦੇਸ਼ਾਂ ਵਿੱਚ ਜ਼ਬਰਦਸਤੀ ਵੜਨਾ ਚਾਹੁੰਦੀ ਹੈ।

ਇਸੇ ਦੌਰਾਨ ਕੱਲ੍ਹ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਚੀਨ ਦੇ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ। ਉਨ੍ਹਾਂ ਕਿਹਾ ਕਿ ਅਮਰੀਕਾ ਆਪਣੇ ਦੱਖਣ ਪੂਰਬੀ ਏਸ਼ਿਆਈ ਸਹਿਯੋਗੀਆਂ ਦੀ ਪ੍ਰਭੂਸੱਤਾ ਤੇ ਅਧਿਕਾਰਾਂ ਦੀ ਰਾਖੀ ਕਰਨ ਲਈ ਵਚਨਬੱਧ ਹੈ। ਇਸ ਲਈ ਅਸੀਂ ਉਨ੍ਹਾਂ ਦੇ ਸਮੁੰਦਰੀ ਸਰੋਤ ਦੇ ਹਿੱਤਾਂ ਲਈ ਕੰਮ ਕਰਨਾ ਜਾਰੀ ਰੱਖਾਂਗੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਅਮਰੀਕਾ ਦੀਆਂ ਜ਼ਿੰਮੇਵਾਰੀਆਂ ਅਨੁਸਾਰ ਦੀ ਰੱਖਿਆ ਲਈ ਕੌਮਾਂਤਰੀ ਭਾਈਚਾਰੇ ਨਾਲ ਖੜ੍ਹਾ ਹੈ। ਪੌਂਪੀਓ ਨੇ ਚੀਨ ਨੂੰ ਚਿਤਾਵਨੀ ਦਿੱਤੀ ਕਿ ਅਗਰ ਉਸ ਨੇ ਕਿਸੇ ਦੇਸ਼ 'ਤੇ ਹਮਲਾ ਕੀਤਾ ਤਾਂ ਅਮਰੀਕਾ ਉਸ ਦੇਸ਼ ਨਾਲ ਖੜ੍ਹੇਗਾ ਤੇ ਉਸ ਨੂੰ ਕਰਾਰਾ ਜਵਾਬ ਦਿੱਤਾ ਜਾਵੇਗਾ।

## ਅਮਰੀਕਾ ਵਿੱਚ ਦੋ ਥਾਂਈਂ ਗੋਲੀਬਾਰੀ, ਬੱਚਿਆਂ ਸਣੇ ਦੋਂਹ ਦੀ ਮੌਤ

ਵਾਸ਼ਿੰਗਟਨ, 15 ਜੁਲਾਈ (ਪੋਸਟ ਬਿਊਰੋ)- ਨਿਊ ਆਰਲੀਅਨਜ਼ ਅਤੇ ਵਾਸ਼ਿੰਗਟਨ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਇੱਕ 10 ਸਾਲਾ ਬੱਚੇ ਸਮੇਤ ਦੋ ਜਣਿਆਂ ਦੀ ਮੌਤ ਹੋ ਗਈ ਹੈ।

ਇਸ ਬਾਰੇ ਨਿਊ ਆਰਲੀਅਨਜ਼ ਦੇ ਪੁਲਸ ਮੁਖੀ ਸ਼ਾਨ ਫਗੁਰਸਨ ਨੇ ਦੱਸਿਆ ਕਿ ਕੱਲ੍ਹ ਸ਼ਾਮ ਕਰੀਬ ਪੰਜ ਵਜੇ ਹੋਈ ਗੋਲੀਬਾਰੀ ਪਿੱਛੋਂ ਪੁਲਸ ਨੇ ਵੀ ਜਵਾਬੀ ਕਾਰਵਾਈ ਕੀਤੀ। ਕਰੀਬ 15-16 ਸਾਲ ਦੀ ਇੱਕ ਲੜਕੀ ਅਤੇ 13 ਸਾਲ ਦਾ ਇੱਕ ਲੜਕਾ ਗੋਲੀਬਾਰੀ ਵਿੱਚ ਜ਼ਖ਼ਮੀ ਹੋਏ ਹਨ ਅਤੇ ਇੱਕ 10



ਸਾਲਾ ਬੱਚੇ ਦੀ ਮੌਤ ਹੋ ਗਈ ਹੈ।

ਦੂਸਰੇ ਪਾਸੇ ਵਾਸ਼ਿੰਗਟਨ ਵਿੱਚ ਇੱਕ ਸ਼ੱਕੀ ਨੇ ਪਿੱਛਾ ਕਰਦੇ ਦੋ ਅਧਿਕਾਰੀਆਂ ਨੂੰ ਗੋਲੀ ਮਾਰ ਦਿੱਤੀ। ਇਸ ਘਟਨਾ ਵਿੱਚ ਇੱਕ ਅਧਿਕਾਰੀ ਦੀ ਮੌਤ ਹੋ ਗਈ ਅਤੇ ਦੂਸਰਾ ਅਧਿਕਾਰੀ ਜ਼ਖ਼ਮੀ ਹੋ ਗਿਆ। ਦੂਸਰੇ ਅਧਿਕਾਰੀ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਠੀਕ ਦੱਸੀ ਗਈ ਹੈ।

# ਚੀਨ ਨੂੰ ਵੱਡਾ ਝਟਕਾ, ਅਮਰੀਕਾ ਤੋਂ ਬਾਅਦ ਬ੍ਰਿਟੇਨ ਨੇ ਵੀ ਹੁਵਾਵੇਈ ਉੱਤੇ ਰੋਕ ਲਾਈ

ਲੰਡਨ, 15 ਜੁਲਾਈ (ਪੋਸਟ ਬਿਊਰੋ)- ਹਾਂਗਕਾਂਗ ਬਾਰੇ ਜਾਰੀ ਤਨਾਅ ਦੌਰਾਨ ਅਮਰੀਕਾ ਤੋਂ ਬਾਅਦ ਬ੍ਰਿਟੇਨ (ਯੂ ਕੇ) ਨੇ ਚੀਨੀ ਕੰਪਨੀ ਹੁਵਾਵੇਈ ਨੂੰ 5ਜੀ ਨੈਟਵਰਕ ਬਣਾਉਣ ਬਾਰੇ ਬੈਨ ਕਰ ਦਿੱਤਾ ਹੈ।

ਬ੍ਰਿਟਿਸ਼ ਸਰਕਾਰ ਨੇ ਟੈਲੀਕਾਮ ਕੰਪਨੀਆਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਸਾਲ 2027 ਤੱਕ 5ਜੀ ਨੈਟਵਰਕ ਤੋਂ ਹੁਵਾਵੇਈ ਦੇ ਸਾਰੇ ਯੰਤਰਾਂ ਨੂੰ ਹਟਾ ਦੇਣ। ਇਸ ਤੋਂ ਪਹਿਲਾਂ ਅਮਰੀਕਾ ਨੇ ਹੁਵਾਵੇਈ ਦੇ ਸਾਰੇ ਯੰਤਰਾਂ ਨੂੰ ਬੈਨ ਕੀਤਾ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਪ੍ਰਧਾਨਗੀ ਵਿੱਚ ਹੋਈ ਨੈਸ਼ਨਲ ਸਕਿਓਰਿਟੀ ਕੌਂਸਲ ਦੀ ਮੀਟਿੰਗ ਤੋਂ ਬਾਅਦ ਫੈਸਲਾ ਲਿਆ ਗਿਆ ਕਿ ਦੇਸ਼ 'ਚ 5ਜੀ ਨੈਟਵਰਕ ਬਣਾਉਣ 'ਚ ਚੀਨੀ ਕੰਪਨੀ ਦੀ




ਹਿੱਸੇਦਾਰੀ ਨੂੰ ਖ਼ਤਮ ਕੀਤਾ ਜਾਵੇਗਾ। ਸਰਕਾਰ ਨੇ ਇਹ ਫੈਸਲਾ ਨੈਸ਼ਨਲ ਸਾਈਬਰ ਸਕਿਓਰਿਟੀ ਕੌਂਸਲ ਦੀ ਰਿਪੋਰਟ ਦੀ ਸਮੀਖਿਆ ਕਰਨ ਤੋਂ ਬਾਅਦ ਲਿਆ। ਚੀਨੀ ਕੰਪਨੀ ਹੁਵਾਵੇਈ 'ਤੇ ਡਾਟਾ ਚੋਰੀ ਅਤੇ ਗੁਪਤ ਸੂਚਨਾਵਾਂ ਨੂੰ ਲੀਕ ਕਰਨ ਦਾ ਦੋਸ਼ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਜੂਨ ਦੇ ਸ਼ੁਰੂ 'ਚ ਦਾਅਵਾ ਕੀਤਾ ਸੀ ਕਿ ਚੀਨ ਲੰਡਨ ਸਥਿਤ ਐਚ ਐਸ ਬੀ ਸੀ ਬੈਂਕ ਰਾਹੀਂ ਬ੍ਰਿਟੇਨ ਉੱਤੇ ਆਪਣੇ ਪ੍ਰਾਜੈਕਟਾਂ ਲਈ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੌਂਪੀਓ ਨੇ ਕਿਹਾ ਸੀ ਕਿ ਚੀਨ ਨੇ ਬ੍ਰਿਟੇਨ ਦੇ ਬੈਂਕ ਦਿ ਹਾਂਗਕਾਂਗ ਐਂਡ ਸ਼ੰਘਾਈ ਬੈਂਕਿੰਗ ਕਾਰਪੋਰੇਸ਼ਨ (ਐਚ ਐਸ ਬੀ ਸੀ) ਨੂੰ ਸਜ਼ਾ ਦੇਣ ਦੀ ਧਮਕੀ ਦਿੱਤੀ ਸੀ। ਉਸ ਨੇ ਕਿਹਾ ਹੈ ਕਿ ਜੇ ਬ੍ਰਿਟੇਨ ਹੁਵਾਵੇਈ ਨੂੰ ਉਸ ਦਾ 5ਜੀ ਨੈਟਵਰਕ ਬਣਾਉਣ ਦੀ ਇਜਾਜ਼ਤ ਨਾ ਦੇਵੇਗਾ ਤਾਂ ਉਹ ਵੀ ਬ੍ਰਿਟੇਨ 'ਚ ਐਟਮੀ ਊਰਜਾ ਯੰਤਰਾਂ ਦੇ ਨਿਰਮਾਣ ਦਾ ਵਾਅਦਾ ਤੋੜ ਦੇਵੇਗਾ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

## ‘ਗੰਗੂਬਾਈ ਕਾਠੀਆਵਾੜੀ’ ਵਿੱਚ ਮਹਿਮਾਨ ਭੂਮਿਕਾ ਵਿੱਚ ਨਜ਼ਰ ਆ ਸਕਦੇ ਹਨ ਰਣਵੀਰ



ਸੰਜੇ ਲੀਲਾ ਭੰਸਾਲੀ ਅਤੇ ਰਣਵੀਰ ਸਿੰਘ ਨੇ ਇਕੱਠਿਆਂ ਤਿੰਨ ਸੁਪਰਹਿੱਟ ਫਿਲਮਾਂ ‘ਗੋਲੀਆਂ ਕੀ ਰਾਸਲੀਲਾ : ਰਾਮਲੀਲਾ’, ‘ਬਾਜੀਰਾਓ ਮਸਤਾਨੀ’ ਅਤੇ ‘ਪਦਮਾਵਤ’ ਵਿੱਚ ਕੰਮ ਕੀਤਾ ਹੈ। ਅੱਗੋਂ ਖਬਰ ਹੈ ਕਿ ਰਣਵੀਰ ਇੱਕ ਵਾਰ ਫਿਰ ਸੰਜੇ ਦੇ ਨਿਰਦੇਸ਼ਨ ਵਿੱਚ ਕੰਮ ਕਰ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਸੰਜੇ ਦੇ ਨਿਰਦੇਸ਼ਨ ਵਿੱਚ ਇਹ ਰਣਵੀਰ ਦੀ ਚੌਥੀ ਫਿਲਮ ਹੋਵੇਗੀ।

ਜਾਣਕਾਰ ਸੂਤਰਾਂ ਅਨੁਸਾਰ ਸੰਜੇ ਦੇ ਨਿਰਦੇਸ਼ਨ ਵਿੱਚ ਬਣ ਰਹੀ ਆਲੀਆ ਭੱਟ ਅਭਿਨੀਤ ਫਿਲਮ ‘ਗੰਗੂਬਾਈ ਕਾਠੀਆਵਾੜੀ’ ਵਿੱਚ ਉਹ ਮਹਿਮਾਨ ਭੂਮਿਕਾ ਵਿੱਚ ਨਜ਼ਰ ਆਉਣਗੇ। ਇਸ ਵਿਸ਼ੇਸ਼ ਕਿਰਦਾਰ ਦੇ ਲਈ ਸੰਜੇ ਨੇ ਰਣਵੀਰ ਨਾਲ ਖੁਦ ਸੰਪਰਕ ਕੀਤਾ ਸੀ। ਇਸ ਫਿਲਮ ਦੀ ਕੁਝ ਸ਼ੂਟਿੰਗ ਬਾਕੀ ਹੈ। ਹਾਲਾਤ ਠੀਕ ਹੋਣ ਦੇ ਬਾਅਦ ਬਾਕੀ ਹਿੱਸੇ ਦੀ ਸ਼ੂਟਿੰਗ ਕੀਤੀ ਜਾਏਗੀ। ਤਦ ਰਣਵੀਰ ਵੀ ਆਪਣੇ ਵਿਸ਼ੇਸ਼ ਕਿਰਦਾਰ ਦੀ ਸ਼ੂਟਿੰਗ ਕਰਨਗੇ। ਫਿਲਹਾਲ ਨਿਰਮਾਤਾਵਾਂ ਨੇ ਰਣਵੀਰ ਦੀ ਮਹਿਮਾਨ ਭੂਮਿਕਾ ਦਾ ਰਸਮੀ ਐਲਾਨ ਨਹੀਂ ਕੀਤਾ। ਆਲੀਆ ਅਤੇ ਰਣਵੀਰ ‘ਗਲੀ ਬੁਆਏ’ ਵਿੱਚ ਇਕੱਠੇ ਕੰਮ ਕਰ ਚੁੱਕੇ ਹਨ। ਅੱਗੋਂ ਰਣਵੀਰ ‘83’ ਅਤੇ ‘ਜਯੇਸ਼ਭਾਈ ਜੋਰਦਾਰ’ ਵਰਗੀਆਂ ਫਿਲਮਾਂ ਵਿੱਚ ਨਜ਼ਰ ਆਉਣਗੇ।



## 24 ਘੰਟੇ ਵਿੱਚ ‘ਦਿਲ ਬੇਚਾਰਾ’ ਦੇ ਟਰੇਲਰ ਨੇ ਬਣਾਇਆ ਰਿਕਾਰਡ

ਸੁਸ਼ਾਂਤ ਸਿੰਘ ਰਾਜਪੂਤ ਦੀ ਆਖਰੀ ਫਿਲਮ ‘ਦਿਲ ਬੇਚਾਰਾ’ ਦਾ ਟ੍ਰੇਲਰ ਰਿਲੀਜ਼ ਹੋਣ ਦੇ ਬਾਅਦ ਪ੍ਰਸ਼ੰਸਕਾਂ ਦੇ ਨਾਲ-ਨਾਲ ਇਸ ਨੂੰ ਫਿਲਮੀ ਸਿਤਾਰਿਆਂ ਦਾ ਵੀ ਕਾਫੀ ਸਹਿਯੋਗ ਮਿਲਿਆ। ਇਹ ਸੁਸ਼ਾਂਤ ਪ੍ਰਤੀ ਲੋਕਾਂ ਦਾ ਪਿਆਰ ਹੈ ਕਿ ਇਸ ਫਿਲਮ ਦੇ ਟ੍ਰੇਲਰ ਨੂੰ ਸਿਰਫ 24 ਘੰਟੇ ਵਿੱਚ ਯੂ ਟਿਊਬ 'ਤੇ ਤਿੰਨ ਕਰੋੜ ਵੀਹ ਲੱਖ ਵਾਰ ਦੇਖਿਆ ਗਿਆ ਅਤੇ 77 ਲੱਖ ਲਾਈਕਸ ਮਿਲੇ। 24 ਘੰਟਿਆਂ ਵਿੱਚ ਮਿਲੇ ਲਾਈਕਸ ਦੇ ਮਾਮਲੇ ਵਿੱਚ ਇਸ ਟ੍ਰੇਲਰ ਨੇ ਅੱਜ ਤੱਕ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ‘ਏਵੇਂਜਰਸ : ਐਂਡਗੇਮ’ ਨੂੰ ਵੀ ਪਿੱਛੇ ਛੱਡ ਦਿੱਤਾ। ‘ਏਵੇਂਜਰਸ : ਐਂਡਗੇਮ’ ਦੇ ਟ੍ਰੇਲਰ ਨੂੰ ਯੂ ਟਿਊਬ 'ਤੇ 24 ਘੰਟੇ ਵਿੱਚ 29 ਲੱਖ ਲਾਈਕਸ ਮਿਲੇ ਸਨ। ਰਿਲੀਜ਼ ਹੋਣ ਦੇ ਕੁਝ ਘੰਟਿਆਂ ਬਾਅਦ ਹੀ ‘ਦਿਲ ਬੇਚਾਰਾ’ ਦਾ ਟ੍ਰੇਲਰ ਯੂ ਟਿਊਬ 'ਤੇ ਟਰੇਂਡ ਕਰ ਰਿਹਾ ਸੀ। ਸੁਸ਼ਾਂਤ ਨੇ 14 ਜੂਨ ਨੂੰ ਆਪਣੇ ਮੁੰਬਈ ਸਥਿਤ ਘਰ ਖੁਦਕੁਸ਼ੀ ਕਰ ਲਈ ਸੀ।

## ਬੋਰਿੰਗ, ਘੱਟ ਬੋਲਣ ਵਾਲੀ ਅਤੇ ਸੰਕੋਚੀ ਹਾਂ : ਸਾਨਿਆ

ਅਭਿਨੇਤਰੀ ਸਾਨਿਆ ਮਲਹੋਤਰਾ ਦਾ ਕਹਿਣਾ ਹੈ ਕਿ ਉਹ ਘੱਟ ਬੋਲਣ ਵਾਲੀ ਅਤੇ ਸੰਕੋਚੀ ਹੈ ਅਤੇ ਉਹ ਖੁਦ ਨੂੰ ਜ਼ਾਹਰ ਕਰਨ ਲਈ ਡਾਂਸ ਅਤੇ ਐਕਟਿੰਗ ਦਾ ਸਹਾਰਾ ਲੈਂਦੀ ਹੈ। ਉਸ ਤੋਂ ਐਕਟਿੰਗ ਦੀ ਪ੍ਰਕਿਰਿਆ ਬਾਰੇ ਪੁੱਛੇ ਜਾਣ 'ਤੇ ਉਸ ਨੇ ਕਿਹਾ, “ਮੇਰੀ ਕੋਈ ਵਿਸ਼ੇਸ਼ ਪ੍ਰਕਿਰਿਆ ਨਹੀਂ, ਇਹ ਇੱਕ ਸਿਖਿਆ ਹੈ। ਹਰ ਕਿਰਦਾਰ ਜੋ ਮੈਂ ਨਿਭਾਉਂਦੀ ਹਾਂ, ਉਹ ਹਰ ਫਿਲਮ ਨਾਲ ਬਦਲਦਾ ਹੈ। ਇਸ ਦੇ ਇਲਾਵਾ ਖਾਸ ਤੌਰ ਉੱਤੇ ਇਸ ਲਈ ਵੀ ਕਿ ਮੈਂ ‘ਦੰਗਲ' ਵਰਗੀ ਫਿਲਮ ਨਾਲ ਸ਼ੁਰੂਆਤ ਕੀਤੀ ਸੀ ਤੇ ਅਸੀਂ ਦੇਖ ਸਕਦੇ ਹਾਂ ਕਿ ਜਦ ਤੁਸੀਂ ਕੈਮਰੇ ਦੇ ਸਾਹਮਣੇ ਜਾਣ ਤੋਂ ਸਖਤ ਮਿਹਨਤ ਕਰਦੇ ਹੋ ਅਤੇ ਖੁਦ ਨੂੰ ਤਿਆਰ ਕਰਦੇ ਹੋ ਤਾਂ ਉਹ ਅਸਲ ਵਿੱਚ ਸਕਰੀਨ 'ਤੇ ਦਿਖਾਈ ਦਿੰਦਾ ਹੈ।” ਖੁਦ ਦੇ ਬਾਰੇ ਉਸ ਨੇ ਕਿਹਾ, “ਮੈਂ ਬੋਰਿੰਗ ਹਾਂ। ਨਾਲ ਹੀ ਘੱਟ ਬੋਲਣ ਵਾਲੀ ਅਤੇ ਸੰਕੋਚੀ ਹਾਂ, ਯਾਨੀ ਇਕਦਮ ਸ਼ਾਂਤ।” ਉਹ ਖੁਦ ਨੂੰ ਕਲਾ ਦੇ ਖੇਤਰ ਵਿੱਚ ਸ਼ਾਮਲ ਕਰਨਾ ਬਹੁਤ ਪਸੰਦ ਕਰਦੀ ਹੈ।



## ‘ਮੇਰੇ ਦੇਸ਼ ਕੀ ਧਰਤੀ’ ਦਾ ਪਹਿਲਾ ਲੁਕ ਜਾਰੀ



ਕਈ ਫਿਲਮ ਮੇਕਰਜ਼ ਨੇ ਆਪਣੀਆਂ ਫਿਲਮਾਂ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਕਰਨ ਦਾ ਫੈਸਲਾ ਕੀਤਾ ਹੈ ਤਾਂ ਕੁਝ ਨਿਰਮਾਤਾ ਸਿਨੇਮਾਘਰ ਦੇ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਹਨ। ਬੀਤੇ ਦਿਨੀਂ ਫਰਹਾਜ਼ ਹੈਦਰ ਦੇ ਨਿਰਦੇਸ਼ਨ ਵਾਲੀ ਫਿਲਮ ‘ਮੇਰੇ ਦੇਸ਼ ਕੀ ਧਰਤੀ’ ਦਾ ਫਸਟ ਲੁਕ ਜਾਰੀ ਕਰਨ ਦੇ ਨਾਲ ਨਿਰਮਾਤਾਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਫਿਲਮ ਥੀਏਟਰ ਵਿੱਚ ਹੀ ਰਿਲੀਜ਼ ਹੋਵੇਗੀ। ਫਿਲਮ ਵਿੱਚ ਦਿਵਵੇਂਦੂ ਸ਼ਰਮਾ, ਅਨੰਤ ਵਿਢਾਤ, ਇਨਾਮੂਉਲ੍ਹਾ ਹਕ ਅਤੈ ਅਨੁਪ੍ਰੀਆ ਗੋਇਨਕਾ ਮੁੱਖ ਭੂਮਿਕਾਵਾਂ ਵਿੱਚ ਹਨ। ਫਿਲਮ ਨਾਲ ਜੁੜੀ ਜਾਣਕਾਰੀ ਬਾਰੇ ਇਨਾਮੂਉਲ੍ਹਾ ਹਕ ਨੇ ਕਿਹਾ ਕਿ ਕਾਰਨੀਵਾਲ ਮੋਸ਼ਨ ਪਿਕਰਜ਼ ਦੇ ਬੈਨਰ ਹੇਠ ਬਣਨ ਦੇ ਕਾਰਨ ਇਸ ਫਿਲਮ ਨੂੰ ਸਕਰੀਨ ਨਾ ਮਿਲਣ ਦੀ ਸ਼ੱਕ ਘੱਟ ਹੈ। ਇਸ ਲਈ ਨਿਰਮਾਤਾ ਸਿਨੇਮਾਘਰ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਹਨ। ਇਸ ਦੇ ਬਾਅਦ ਇਸ ਫਿਲਮ ਨੂੰ ਰਿਲੀਜ਼ ਕੀਤਾ ਜਾਏਗਾ। ਇਹ ਇੱਕ ਸੋਸ਼ਲ ਕਾਮੇਡੀ ਫਿਲਮ ਹੈ, ਜਿਸ ਵਿੱਚ ਸਮਾਜ ਅਤੇ ਕਿਸਾਨਾਂ ਨਾਲ ਜੁੜੇ ਮੁੱਦਿਆਂ ਨੂੰ ਮਨੋਰੰਜਕ ਤਰੀਕੇ ਨਾਲ ਦਿਖਾਇਆ ਜਾਏਗਾ। ਜਲਦੀ ਹੀ ਫਿਲਮ ਦਾ ਟ੍ਰੇਲਰ ਰਿਲੀਜ਼ ਕੀਤਾ ਜਾਏਗਾ। ਇਸ ਫਿਲਮ ਦੀ ਸ਼ੂਟਿੰਗ ਲਾਕਡਾਊਨ ਤੋਂ ਪਹਿਲਾਂ ਪੂਰੀ ਕਰ ਲਈ ਗਈ ਸੀ। ਇਸ ਦੇ ਇਲਾਵਾ ਇਨਾਮੂਉਲ੍ਹਾ ਕਰਾਈਮ ਥ੍ਰਿਲਰ ਵੈੱਬ ਸੀਰੀਜ਼ ‘ਸਕਰੂਡ ਅਪ’ ਵਿੱਚ ਨਜ਼ਰ ਆਉਣਗੇ।



## ਖੁਦ 'ਤੇ ਯਕੀਨ ਰੱਖਣਾ ਜ਼ਰੂਰੀ ਹੈ: ਰਾਧਿਕਾ

‘ਪਟਾਕਾ’ ਅਤੇ ‘ਅੰਗਰੇਜ਼ੀ ਮੀਡੀਅਮ’ ਵਰਗੀਆਂ ਫਿਲਮਾਂ ਨਾਲ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਚੁੱਕੀ ਰਾਧਿਕਾ ਮਦਾਨ ਮੰਨਦੀ ਹੈ ਕਿ ਆਪਣੇ ਸੁਫਨਿਆਂ ਨੂੰ ਪੂਰਾ ਕਰਨ ਲਈ ਖੁਦ 'ਤੇ ਯਕੀਨ ਬਹੁਤ ਜ਼ਰੂਰੀ ਹੈ। ਰਾਧਿਕਾ ਦੇ ਮੁਤਾਬਕ ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਲੋਕ ਉਸ ਨੂੰ ਕਹਿੰਦੇ ਸਨ ਕਿ ਟੀ ਵੀ ਅਭਿਨੇਤਰੀਆਂ ਨੂੰ ਫਿਲਮਾਂ ਵਿੱਚ ਕੋਈ ਕੰਮ ਨਹੀਂ ਦਿੰਦਾ। ਸੁਸ਼ਾਂਤ ਸਿੰਘ ਰਾਜਪੂਤ ਦੀ ਮਿਸਾਲ ਦਿੰਦੇ ਹੋਏ ਰਾਧਿਕਾ ਨੇ ਕਿਹਾ ਕਿ ਜਦ ਸੁਸ਼ਾਂਤ ਸਫਲ ਹੋ ਸਕਦੇ ਹਨ, ਤਾਂ ਉਹ ਕਿਉਂ ਨਹੀਂ। ਅਸੀਂ ਖੁਦ ਦੇ ਬਾਰੇ ਜੋ ਸੋਚਦੇ ਹਾਂ, ਲੋਕਾਂ ਨੂੰ ਵੀ ਉਹੀ ਨਜ਼ਰ ਆਉਂਦਾ ਹੈ। ਇਸ ਦੌਰਾਨ ਰਾਧਿਕਾ ਨੇ ਫਿਲਮ ‘ਅੰਗਰੇਜ਼ੀ ਮੀਡੀਅਮ’ ਵਿੱਚ ਆਪਣੀ ਚੋਣ ਦੇ ਬਾਰੇ ਦੱਸਿਆ ਕਿ ਇਸ ਫਿਲਮ ਵਿੱਚ ਸਾਰਿਕਾ ਦੇ ਕਿਰਦਾਰ ਲਈ ਨਿਰਮਾਤਾ ਸੋਲ੍ਹਾ-ਸਤ੍ਹਾਰਾਂ ਸਾਲ ਦੀ ਕਿਸੇ ਲੜਕੀ ਨੂੰ ਲੈਣਾ ਚਾਹੁੰਦੇ ਸਨ। ਉਨ੍ਹਾਂ ਫਿਲਮ ਦੇ ਡਾਇਰੈਕਟਰ ਹੋਮੀ ਅਦਜਾਨੀਆ ਨੂੰ ਜਿੱਦ ਕਰ ਕੇ ਆਪਣਾ ਆਡੀਸ਼ਨ ਦਿੱਤਾ। ਆਡੀਸ਼ਨ ਦੇਖ ਕੇ ਹੋਮੀ ਨੇ ਖੁਸ਼ ਹੋਕੇ ਕਿਹਾ ਕਿ ਇਹੀ ਲੜਕੀ ਫਿਲਮ ਦੀ ਸਾਰਿਕਾ ਹੈ। ਰਾਧਿਕਾ ਮੁਤਾਬਕ ਲੋਕ ਆਪਣੇ ਸਮੇਂ ਦੀ ਵਰਤੋਂ ਫਾਲਤੂ ਚੀਜ਼ਾਂ ਸੋਚ ਕੇ ਖੁਦ ਨੂੰ ਕਮਜ਼ੋਰ ਕਰਨ ਵਿੱਚ ਕਰਦੇ ਹਨ ਜਾਂ ਕੁਝ ਨਵਾਂ ਸਿੱਖਣ ਵਿੱਚ ਕਰਦੇ ਹਨ, ਇਹ ਉਨ੍ਹਾਂ ਦੇ ਉਪਰ ਨਿਰਭਰ ਕਰਦਾ ਹੈ। ਉਨ੍ਹਾਂ ਨੇ ਆਪਣੇ ਸਮੇਂ ਦੀ ਵਰਤੋਂ ਰੋਜ਼ ਕੁਝ ਨਵਾਂ ਸਿੱਖਣ ਵਿੱਚ ਕੀਤੀ, ਤਾਂ ਕਿ ਮੌਕਾ ਮਿਲਣ 'ਤੇ ਆਪਣਾ ਸੌ ਫੀਸਦੀ ਪ੍ਰਤਿਭਾ ਲੋਕਾਂ ਨੂੰ ਦਿਖਾ ਸਕੇ। ਰਾਧਿਕਾ ਸਨੀ ਕੌਸ਼ਲ ਦੇ ਨਾਲ ਫਿਲਮ ‘ਸ਼ਿੱਦਤ’ ਵਿੱਚ ਨਜ਼ਰ ਆਏਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ

### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!! 905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## GF1 Security Jobs - Security Guard Training - Licensing

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage

Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here (905)793-2202
To Reach Wider Audience

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿੱਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐੱਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 ।
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential ▪ Commercial ▪ Industrial
- Hotel
- Motel
- Exterior
- Interior
- Spray Painting
- Office Painting
- Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿਂਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

